ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
SANJHI SOCH
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7
LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2623 24 October, 2026 Saturday www.sanjhisoch.com ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ +1 (209) 303-1260

ਅਮਰੀਕੀ ਡਾਕ ਸੇਵਾ ਨਾਲ ਅਰਬਾਂ ਰੁਪਏ ਦੀ ਧੋਖਾਧੜੀ ਕਰਨ ਦੇ ਦੋਸ਼ ਹੇਠ ਪਾਕਿਸਤਾਨੀ ਨਾਗਰਿਕ ਗ੍ਰਿਫ਼ਤਾਰ



ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਪਾਕਿਸਤਾਨ ਦੀ ਨੈਸ਼ਨਲ ਸਾਈਬਰ ਕ੍ਰਾਈਮ ਇਨਵੈਸਟੀਗੇਸ਼ਨ ਏਜੰਸੀ ਨੇ ਅਮਰੀਕੀ ਡਾਕ ਸੇਵਾ (ਯੂ.ਐੱਸ.ਪੀ.ਐੱਸ.) ਨਾਲ ਅਰਬਾਂ ਰੁਪਏ ਦੀ ਧੋਖਾਧੜੀ ਕਰਨ ਦੇ ਦੋਸ਼ ਹੇਠ ਇੱਕ 33 ਸਾਲਾ ਪਾਕਿਸਤਾਨੀ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ ਹੈ। ਪਾਕਿਸਤਾਨ ਦੇ ਪੰਜਾਬ ਸੂਬੇ ਦੇ ਖਾਨੇਵਾਲ ਦੇ ਰਹਿਣ ਵਾਲੇ ਫਹੀਮ ਅਕਰਮ 'ਤੇ ਜਾਅਲੀ ਸ਼ਿਪਿੰਗ ਲੇਬਲ ਵੇਚਣ ਵਾਲੀ ਵੈੱਬਸਾਈਟ ਚਲਾ ਕੇ ਅਮਰੀਕੀ ਡਾਕ ਵਿਭਾਗ ਨੂੰ 12.6 ਕਰੋੜ ਡਾਲਰ (ਲਗਭਗ 1,190 ਕਰੋੜ ਰੁਪਏ) ਦਾ ਵਿੱਤੀ ਨੁਕਸਾਨ ਪਹੁੰਚਾਉਣ ਦਾ ਦੋਸ਼ ਹੈ।

ਜਾਂਚ ਅਨੁਸਾਰ ਫਹੀਮ ਅਕਰਮ ਇੱਕ ਅਣ-ਅਧਿਕਾਰਤ ਆਨਲਾਈਨ ਪਲੇਟਫਾਰਮ ਚਲਾ ਰਿਹਾ ਸੀ, ਜਿੱਥੇ ਪਾਰਸਲ ਦੇ ਆਕਾਰ, ਵਜ਼ਨ ਜਾਂ ਮੰਜ਼ਿਲ ਦੀ ਪ੍ਰਵਾਹ ਕੀਤੇ ਬਿਨਾਂ ਹਰੇਕ ਜਾਅਲੀ ਲੇਬਲ ਮਾਤਰ 2 ਡਾਲਰ (ਲਗਭਗ 189 ਰੁਪਏ) ਵਿਚ ਵੇਚਿਆ ਜਾਂਦਾ ਸੀ। ਇਸ ਨਾਲ ਗਾਹਕਾਂ ਨੂੰ ਸਰਕਾਰੀ ਡਾਕ ਦਰਾਂ ਨਾਲੋਂ ਬਹੁਤ ਘੱਟ ਕੀਮਤ 'ਤੇ ਪਾਰਸਲ ਭੇਜਣ ਦੀ ਸੁਵਿਧਾ ਮਿਲੀ, ਜਿਸ ਕਾਰਨ ਅਮਰੀਕੀ ਡਾਕ ਸੇਵਾ (ਯੂ.ਐੱਸ.ਪੀ.ਐੱਸ.) ਨੂੰ ਸਹੀ ਫੀਸ ਪ੍ਰਾਪਤ ਕੀਤੇ ਬਿਨਾਂ ਹੀ ਡਾਕ ਦੀ ਡਿਲੀਵਰੀ ਕਰਨੀ ਪਈ ਅਤੇ ਭਾਰੀ ਨੁਕਸਾਨ ਝੱਲਣਾ ਪਿਆ।

ਪਾਕਿਸਤਾਨੀ ਏਜੰਸੀ ਦੇ ਸੀਨੀਅਰ ਅਧਿਕਾਰੀ ਆਤਿਫ਼ ਅਮੀਰ ਅਨੁਸਾਰ ਅਕਰਮ ਇਹ ਵੈੱਬਸਾਈਟ ਅਗਸਤ 2023 ਤੋਂ ਸਤੰਬਰ 2026 ਦਰਮਿਆਨ ਚਲਾ ਰਿਹਾ ਸੀ। ਇਸ 3 ਸਾਲਾਂ ਦੇ ਅਰਸੇ ਦੌਰਾਨ ਇਸ ਗੈਰ-ਕਾਨੂੰਨੀ ਕੰਮ ਦੇ ਸੰਚਾਲਨ ਲਈ ਉਸ ਨੇ 16 ਬੈਂਕ ਖਾਤਿਆਂ ਦੀ ਵਰਤੋਂ ਕੀਤੀ, ਜਿਨ੍ਹਾਂ ਵਿਚ ਉਸ ਦੇ ਆਪਣੇ ਖਾਤਿਆਂ ਤੋਂ ਇਲਾਵਾ ਉਸ ਦੇ ਭਰਾ, ਪਤਨੀ, ਭੈਣ ਅਤੇ ਭੂਆ/ਚਾਚੀ ਸਮੇਤ ਪਰਿਵਾਰਕ ਮੈਂਬਰਾਂ ਦੇ ਖਾਤੇ ਸ਼ਾਮਲ ਸਨ।


ਪਾਕਿਸਤਾਨੀ ਅਧਿਕਾਰੀਆਂ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਹਫ਼ਤਿਆਂ ਤੱਕ ਛਾਪੇਮਾਰੀ ਕਰਨ ਤੋਂ ਬਾਅਦ ਅਕਰਮ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਦੇ ਨਾਲ ਹੀ ਅਮਰੀਕਾ ਦੇ ਫਲੋਰੀਡਾ ਦੇ ਦੱਖਣੀ ਜ਼ਿਲ੍ਹੇ ਦੀ ਸੰਘੀ ਗ੍ਰੈਂਡ ਜੂਰੀ ਦੁਆਰਾ ਵੀ ਉਸ ਵਿਰੁੱਧ ਦੋਸ਼ ਪੱਤਰ ਦਾਇਰ ਕੀਤਾ ਗਿਆ ਹੈ। ਫਿਲਹਾਲ ਅਧਿਕਾਰੀਆਂ ਨੇ ਇਹ ਸਪੱਸ਼ਟ ਨਹੀਂ ਕੀਤਾ ਹੈ ਕਿ ਅਕਰਮ ਨੂੰ ਅਮਰੀਕਾ ਦੇ ਹਵਾਲੇ ਕੀਤਾ ਜਾਵੇਗਾ ਜਾਂ ਉਸ ਵਿਰੁੱਧ ਪਾਕਿਸਤਾਨ ਵਿਚ ਹੀ ਕਾਨੂੰਨੀ ਕਾਰਵਾਈ ਚਲਾਈ ਜਾਵੇਗੀ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com



RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
CalDRE # 02115235
ਤੁਸੀਂ ਆਪਣੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED




Mann & Associates Insurance Services, Inc.
Medicare Supplement Plans
• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ
• The American Rescue Plan passed by President Biden could save you hundreds or even thousands of dollars a month.
• There is more financial help than ever before
• Even if you didn't qualify for subsidies before, now you might be able to save thousands on health insurance premiums.
• Huge tax credits are available only if you apply thru Covered California
• ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
• ਪਹਿਲਾਂ ਨਾਲੋਂ ਬਹੁਤੇ ਵਿੱਤੀ ਮਦਦ ਮਿਲਦੀ ਹੈ।
• ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗ ਨਹੀਂ ਹੋਏ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
• ਭਾਰੀ ਟੈਕਸ ਰੈਬਿਟ ਕੇਵਲ ਜਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।
Inderjeet Singh Mann
CA Lic# 0H82488
ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਰੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।
Anthem
Certified Insurance Agent
Ph.: (916) 900-2000

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space available for Ad
Contact #
+1 (209) 303-1260

COVERED CALIFORNIA
Certified INSURANCE AGENT
Free Confidential Help
Call : Gurcharan Singh Mann
Medicare
Licensed Insurance Agent
CA Lic # 0C70672
CALL TO ENROL
510-557-0061

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137



Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

JRP REALTY GROUP

A TRADITION OF REAL ESTATE EXCELLENCE

SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

Gas Stations, Apartments, Commercial Buildings, Liquor stores and Land

CALL TODAY TO BUY/SELL YOUR REAL ESTATE/ BUSINESS



Jaswant S.Pannu
Office: 209-900-1994
Cell: 408-340-0157
jaswantpannu@yahoo.com



Raman Singh
Cell: 209-605-6500
Office: 209-213-5811
BRE #10889002

We do commercial loans for businesses, gas stations, lands and commercial properties

We provide the best in class evaluation for your real estate/business to maximize the profits for you



For more properties or business, contact us.



LOVEPREET KAUR
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

LENDINGASSETS
Elevating Your Mortgage Experience

Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

Refinance @2.75% APR or lower



Apply online at www.lendingassets.com and check out the live lowest rates on our website

ONLY WAY TO GROW YOUR BUSINESS FASTER

BNG

(Business Network Gateway)

We work for you to

Boost Your Business

VIDEO ADVERTISEMENTS

We make professional video advertisements for your business in Punjabi, Hindi & English



POSTERS DESIGN

We design flyers, Posters and
Post Cards to promote your business



BUSINESS CARD DESIGN

WE DESIGN YOUR
BUSINESS CARD



SOCIAL MEDIA HANDLERS

We can manage your Business social media handlers Facebook, instagram & YouTube



24/7 TECH SUPPORT

We provide 24/7 tech support



For more information call

Boota Singh Basi +1 (209) 303-1260

www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

ਸਰਕਾਰੀ, 'ਸੌ-ਕਰੋੜ ਨਾਗਰਿਕਾਂ ਕੋਲ ਸਮਾਜਕ ਸੁਰੱਖਿਆ ਫਿਰ ਵੀ ਕਰੋੜਾਂ ਲੋਕ ਰਿਊੜੀਆਂ ਦੇ ਆਤੁਰ ਕਿਉਂ ?



ਜਗਦੀਸ਼ ਸਿੰਘ ਚੋਹਕਾ
ਕੈਲਗਰੀ (ਕੈਨੇਡਾ)
91-92179-97445
001-403-285-4208
ਸਾਂਝੀ ਸੋਚ
jagdishchohka@gmail.com

ਸੰਸਾਰ ਪੂੰਜੀਵਾਦੀ ਸਿਸਟਮ ਅੰਦਰ ਸੰਕਟ ਦੇ ਕਾਰਨ ਆਰਥਿਕ ਅਸਮਾਨਤਾਵਾਂ, ਗਰੀਬੀ, ਬੇਰੁਜ਼ਗਾਰੀ ਅਤੇ ਭੁੱਖਮਰੀ 'ਚ ਦਿਨੋ ਦਿਨ ਵਾਧਾ ਹੋ ਰਿਹਾ ਹੈ। ਭਾਰਤ ਵੀ ਇਸ ਵਿੱਚ ਸ਼ਾਮਲ ਹੈ। ਇਸ ਵੇਲੇ ਬੇਰੁਜ਼ਗਾਰੀ ਦੀ ਦਰ 5-ਫੀਸਦ ਹੈ, (ਪਿਰੀਉਡਿਕ ਲੇਬਰ ਫੋਰਸ ਸਰਵੇ ਸਤੰਬਰ-2026)। ਜੋ ਹੋਰ ਵੱਧ ਰਹੀ ਹੈ। ਹਾਕਮਾਂ ਦੇ ਕਾਗਜ਼ੀ ਜੀ.ਡੀ.ਪੀ. 7.8 ਫੀਸਦ ਦੀ ਦਰ ਅੰਕੜ ਦੇ ਬਾਵਜੂਦ ਭਾਰਤ ਅੰਦਰ ਬੇਰੁਜ਼ਗਾਰੀ ਰੁੱਕਣ ਦਾ ਨਾ ਨਹੀਂ ਲੈ ਰਹੀ ਹੈ। ਕੌਮਾਂਤਰੀ ਕਿਰਤ ਸੰਗਠਤ (ਆਈ.ਸੀ.ਓ.) ਦੀ ਰਿਪੋਰਟ-2026 ਨੇ ਤਾਂ ਇਹ ਵੀ ਕਿਹਾ ਹੈ, 'ਭਾਰਤ ਸਰਕਾਰ ਵਲੋਂ ਇਕ ਸੌ ਕਰੋੜ ਲੋਕਾਂ ਨੂੰ (ਕਾਗਜ਼ੀ) ਸਮਾਜਕ ਸੁਰੱਚਿਆ ਦੀ ਗ੍ਰੰਟੀ ਦਿੱਤੀ ਹੋਈ ਹੈ। ਪਰ ! ਅਮਲ ਵਿੱਚ ਲੋਕ ਸਿਹਤ, ਸਿੱਖਿਆ ਅਤੇ ਰੁਜ਼ਗਾਰ ਪੱਖੋਂ ਵਿਹੂਣੇ ਪ੍ਰਤੀਤ ਦਿਸ ਰਹੇ ਹਨ ? ਇਹ ਵੀ ਕਿਹਾ ਕਿ ਸਮਾਜਕ ਸੁਰੱਖਿਆ ਦਾ ਅਰਥ ਕੇਵਲ ਕਿਸੇ ਯੋਜਨਾਂ ਵਿੱਚ ਪੰਜੀਕਰਨ ਨਹੀਂ ਹੁੰਦਾ ਹੈ, 'ਬਲਕਿ ਅਮਲ ਵਿੱਚ ਇਹ ਵੀ ਦੇਖਣਾ ਕਿ ਕਿਰਤੀ ਨੂੰ ਰੁਜ਼ਗਾਰ, ਬਿਮਾਰੀ, ਬੁਢੇਪਾ ਅਤੇ ਕਿਸੇ ਦੁਰਘਟਨਾਂ ਕਾਰਨ ਆਮਦਨ ਵਿੱਚ ਆਈ ਘਾਟ ਦੇ ਸਮੇਂ ਸਨਮਾਨ ਨਾਲ ਜਿਉਂਣ ਦੀ ਗ੍ਰੰਟੀ ਮਿਲ ਰਹੀ ਹੈ?

ਬਜਟ ਵਿੱਚ ਦੇਸ਼ ਅੰਦਰ ਆਵਾਮ ਦੀ ਸਰਵਜਨਕ ਸਿਹਤ 'ਤੇ ਘਰੇਲੂ ਉਤਪਾਦਨ ਦਾ ਕੇਵਲ 1.9-ਫੀਸਦ ਹੀ ਖਰਚ ਹੋਇਆ ਹੈ। ਨਤੀਜੇ ਦੇ ਤੌਰ ਤੇ ਜੇਕਰ ਕੋਈ ਕਿਰਤੀ ਗੰਭੀਰ ਬਿਮਾਰੀ, ਐਕਸੀਡੈਂਟ ਜਾਂ ਘਟਨਾ ਅੰਦਰ ਸ਼ਿਕਾਰ ਹੋ ਜਾਂਦਾ ਹੈ ਤਾਂ ਉਸ ਇਲਾਜ ਲਈ ਖਰਚਾ ਉਸ ਦੇ ਪਰਿਵਾਰ ਵਲੋਂ ਬਚਾਈ ਥੋੜ੍ਹੀ ਜਿਹੀ ਬਚਤ ਤੋਂ ਇਲਾਵਾ ਕਰਜ਼ਾ ਲੈ ਕੇ ਖਰਚਾ ਕਰਨਾ ਪੈਂਦਾ ਹੈ। ਬੁਢੇਪੇ ਜਾਂ ਵਿਧਵਾ ਪੈਨਸ਼ਨ ਦੀ ਨਿਗੂਣੀ ਜਿਹੀ ਰਾਸ਼ੀ ਉਹ ਖਰਚਾ ਝੱਲਣ ਯੋਗ ਨਹੀਂ ਹੁੰਦੀ ਹੈ। ਭਾਰਤ ਅੰਦਰ ਗੈਰ-ਸੰਗਠਤ ਖੇਤਰ ਅੰਦਰ ਇਕ ਵੱਡਾ ਹਿੱਸਾ ਕਿਰਤੀਆਂ ਦਾ ਹੈ। ਪਰ ਹਾਕਮ ਇਸ ਗੈਰ-ਸੰਗਠਤ ਖੇਤਰ ਦੇ ਕਿਰਤੀਆਂ ਨੂੰ ਨਾ ਹੀ ਜਿਊਣ-ਯੋਗੀ ਉਜਰਤ ਅਤੇ ਨਾ ਹੀ ਲੋੜੀਂਦੀਆਂ ਜੀਵਨ ਸੁਰੱਖਿਆ ਸਹੂਲਤਾਂ ਅਤੇ ਗ੍ਰੰਟੀ ਦੇ ਸਕੀ ਹੈ ? ਸਾਲ 2025 ਦੇ ਸਰਵੇਖਣ ਅਨੁਸਾਰ 61.6 ਕਰੋੜ ਗੈਰ-ਸੰਗਠਤ ਲੋਕ, 'ਕਿਰਤੀ ਸ਼ਕਤੀ ਅੰਦਰ ਕੰਮ ਕਰਦੇ, 'ਕੁਲ ਕਿਰਤ ਸ਼ਕਤੀ ਦੇ 87-ਫੀਸਦ ਦਾ ਹਿੱਸਾ ਬਣਦੇ ਹਨ ! ਜੋ ਰੋਜ਼ਾਨਾ ਦਿਹਾੜੀ ਦਰ, ਨਿਰਮਾਣ ਕਾਰਨ, ਘਰੇਲੂ ਕੰਮ ਕਾਰ, ਰੇਹੜੀ ਵਾਲੇ, ਸੜਕਾਂ ਤੇ ਛੋਟੇ ਕਾਰੋਬਾਰੀ ਕੰਮਾਂ ਨਾਲ ਜੁੜੇ ਹੋਏ ਹਨ, ਜਿਹਨਾ ਦੀ ਕੋਈ ਸਮਾਜਕ ਸੁਰੱਖਿਆ ਨਹੀ ਹੈ।

ਮੋਦੀ ਸਰਕਾਰ ਦੀਆਂ ਪਿਛਲੇ ਇਕ ਦਹਾਕੇ ਤੋਂ ਆਰਥਿਕ ਨੀਤੀਆ ਨੇ ਲੰਬੇ ਸਮੇਂ ਲਈ ਰੁਜ਼ਗਾਰ ਯੋਜਨਾਂ ਦੀ ਥਾਂ 'ਗਿਗ (ਛੋਟੀਆਂ) ਅਤੇ ਪਲੇਟਫਾਰਮ ਅਰਥ-ਵਿਵਸਥਾ ਵਾਲੇ ਰੁਜ਼ਗਾਰ ਮੌਕਿਆਂ ਨੇ ਰੁਜ਼ਗਾਰ ਖੋਹ ਲਏ ਹਨ। ਜਿਥੇ ਕਿਰਤੀ ਨੂੰ ਕੋਈ ਸਥਾਈ (ਪੱਕਾ) ਰੁਜ਼ਗਾਰ, ਜਿਥੇ ਨਾ ਹੀ ਸਿਹਤ ਬੀਮਾਂ ਅਤੇ ਕੋਈ ਸਮਾਜਕ ਸੁਰੱਖਿਆ ਮਿਲਦੀ ਹੈ। ਪੁਰਾਣੇ ਕਿਰਤ ਕਨੂੰਨ ਜੋ ਕਿਰਤੀਆਂ ਨੇ ਲੰਬੇ ਸੰਘਰਸ਼ਾਂ ਬਾਦ ਪ੍ਰਾਪਤ ਕੀਤੇ ਜੋ 1926 ਤੋਂ ਲੈ ਹੁਣ ਤਕ ਕਾਰਗਾਰ ਸਨ, 'ਬੀ.ਜੇ.ਪੀ. ਆਰ.ਐਸ.ਐਸ. ਪੂੰਜਵਾਦੀ ਕਾਰਪੋਰੇਟੀ ਅਤੇ ਅਤਿ ਦੀ ਫਿਰਕੂਵਾਦੀ ਸਰਕਾਰ ਨੇ ਉਹ ਕਿਰਤੀ ਕਨੂੰਨ ਇਕ-ਇਕ ਕਰਕੇ ਖਤਮ ਕਰਕੇ ਉਹਨਾਂ ਦੀ ਥਾਂ ਚਾਰ ਕਨੂੰਨ ਬਣਾ ਦਿੱਤੇ ਹਨ। ਠੇਕਾ ਅਤੇ ਸੋਰਸਿੰਗ ਨੂੰ ਥਾਂ ਦੇ ਕੇ ਕਿਰਤੀ ਦੀ ਹਰ ਤਰ੍ਹਾਂ ਦੀ ਕਨੂੰਨੀ ਸਮਾਜਕ ਅਤੇ ਆਰਥਿਕ ਸੁਰੱਖਿਆ ਖਤਮ ਕਰ ਦਿੱਤੀ ਹੈ। ਜਿਸ ਦਾ ਕਿਰਤੀ ਦੀ ਸਮਾਜਕ, ਆਰਥਿਕ ਅਤੇ ਬੌਧਿਕ ਸ਼ਕਤੀ ਜੋ ਉਤਪਾਦਨ, ਕਾਰਜ ਕੁਸ਼ਲਤਾ ਅਤੇ ਸਿਹਤ ਤੇ ਗੁਣਵੰਤਾ ਨਾਲ ਜੁੜੀ ਹੋਈ ਹੈ ਪ੍ਰਭਾਵਤ ਹੋਏਗੀ ? ਜੋ ਉਸ ਦੇ ਜੀਵਨ ਨੂੰ ਵੀ ਪ੍ਰਭਾਵਤ ਕਰੇਗੀ ? ਕਿਰਤੀ ਵਿੱਚ ਗੁਣਵੰਤਾ ਦੇ ਬਾਵਜੂਦ ਡਿਜ਼ੀਟਲ ਵਿਭਾਜਨ ਅਤੇ ਪੋਰਟਲ ਯੋਜਨਾਵਾਂ ਉਸ ਦੀ ਗੁਣਵੰਤਾ ਨੂੰ ਘਟਾ ਦੇਣਗੇ ?

ਮੌਜੂਦਾ ਦੇਸ਼ ਅੰਦਰ ਕਿਰਤੀ ਸੰਗਠਨਾਂ ਦੇ ਜਥੇਬੰਦਕ ਦਬਾਅ ਅਤੇ ਐਕਸ਼ਨਾਂ ਨੇ ਹਾਕਮਾਂ ਨੂੰ ਮਹਿੰਗਾਈ 'ਚ ਨਿਗੂਣਾਂ ਜਿਹਾ ਖੋਰਾ ਦੇਣ ਲਈ ਮਜਬੂਰ ਕੀਤਾ। ਪਿਛਲੇ 17-ਸਤੰਬਰ, 2026 ਤੋਂ ਸੰਗਠਨ ਖੇਤਰ ਦੇ ਕਿਰਤੀਆਂ ਦੀਆਂ ਤਨਖਾਹਾਂ ਜੋ 'ਭਵਿੱਖ ਨਿਧੀ ਸੰਗਠਨ 'ਚ ਆਉਂਦੇ ਹਨ, ਹੁਣ 15,000 ਤੋਂ ਵਧਾ ਕੇ 25,000 ਰੁਪਏ ਤਨਖਾਹ ਕਰਨ ਨਾਲ ਉਹ ਕਿਰਤੀ ਹੁਣ ਈ.ਪੀ.ਐਫ.ਓ. ਦੇ ਦਾਇਰੇ ਵਿੱਚ ਆਉਣਗੇ ? ਇਹ ਸਤੰਬਰ, 2014 ਤੋਂ ਬਾਦ ਇਹ ਕਦਮ ਚੁਕਿਆ ਗਿਆ ਹੈ। ਪਰ ਕਈ ਰਾਜਾਂ ਅੰਦਰ ਸਰਕਾਰਾਂ ਨੇ 15,000 ਤੋਂ ਉਪਰ ਇਹ ਰਾਸ਼ੀ ਪਹਿਲਾਂ ਵਧਾ ਦਿੱਤੀ ਹੋਈ ਹੈ ? ਪਰ ਹੁਣ ਕਈ ਕਿਰਤੀ ਔਪਚਾਰਿਕ ਤੌਰ ਤੇ ਸਮਾਜਕ ਸੁਰੱਖਿਆ ਤੋਂ ਬਾਹਰ ਰਹਿ ਜਾਂਦੇ ਸਨ। ਜੋ ਕੁਸ਼ਲ ਅਤੇ ਅਰਧ ਕੁਸ਼ਲ ਕਿਰਤੀ 15000 ਰੁਪਏ ਮਹੀਨਾ ਤੋਂ ਵੱਧ ਤਨਖਾਹ ਲੈਂਦੇ ਸਨ ?

ਹੁਣ ਕੇਵਲ 51-ਲੱਖ ਕਿਰਤੀ ਹੀ ਇਸ ਸਕੀਮ ਵਿੱਚ ਆਉਣਗੇ ਜਿਹਨਾਂ ਨੂੰ ਹੁਣ ਈ.ਪੀ.ਐਫ.ਓ. ਮਿਲੇਗੀ ? ਇਸ ਸਕੀਮ ਦੇ ਲਾਗੂ ਹੋਣ ਨਾਲ ਕੁਝ ਕੁ ਕਿਰਤੀਆਂ ਦੀ ਤਨਖਾਹ ਘੱਟ ਵੀ ਸਕਦੀ ਹੈ। ਇਸ ਤਨਖਾਹ 'ਚ ਨਿਗੂਣੇ ਜਿਹੇ ਵਾਧੇ ਬਾਦ ਮਹਿੰਗਾਈ, ਕਪੜਾ, ਆਵਾਜਾਈ, ਇਲਾਜ ਤੇ ਬੱਚਿਆਂ ਦੀ ਪੜ੍ਹਾਈ ਦੇ ਖਰਚੇ ਵੀ ਵੱਧ ਜਾਣਗੇ, ਤੇ ਕਿਰਤੀ ਹੋਰ ਕੰਗਾਲ ਹੋਵੇਗਾ ?

ਅਟੱਲ ਪੈਨਸ਼ਨ ਯੋਜਨਾ, ਪੀ.ਐਮ. ਕਿਸਾਨ, ਪੀ.ਐਮ-ਪੋਸ਼ਣ ਅਤੇ 70 ਸਾਲ ਤੋਂ ਵਡੇਰੇ ਨਾਗਰਿਕਾਂ ਲਈ ਅਸ਼ਮਾਨ-ਵਧ ਵੰਡਨਾ ਯੋਜਨਾ, ਕਿਰਤੀਆਂ ਤੇ ਸੀਨੀਅਰਜ਼ ਨੂੰ ਜੋ ਪਹਿਲਾ ਵੀ ਐਲਾਨੀਆਂ ਹੋਈਆਂ ਸਰਕਾਰੀ ਯੋਜਨਾਵਾਂ ਹਨ। ਪਰ ਅਮਲ ਦੱਸ ਰਿਹਾ ਕਿ ਯੋਜਨਾਵਾਂ ਦੀ ਗਿਣਤੀ ਦੇ ਨਵ ਨਾਂ ਦੇਣ ਨਾਲ ਅਸੀਂ ਇਸ ਨੂੰ ਪ੍ਰਾਪਤੀ ਨਹੀਂ ਕਹਿ ਸਕਦੇ ਹਾਂ। ਚੁਨੌਤੀ ! ਤਾਂ ਇਹ ਹੈ ਕਿ ਕੀ ਜ਼ਰੂਰਤਮੰਦ (ਵਿਅੱਕਤੀ) ਲੋਕਾਂ ਤਕ ਇਹ ਯੋਜਨਾਵਾਂ ਪੁੱਜ ਰਹੀਆਂ ਹਨ ਤੇ ਲਾਭ ਮਿਲ ਰਹੇ ਹਨ ? ਇਸ ਲਈ ਇਹਨਾਂ ਯੋਜਨਾਵਾਂ ਨੂੰ ਈ-ਸ਼ਰਮ. ਪੋਰਟਲ ਰਾਹੀਂ ਮੌਕੇ ਤੇ ਕਿਰਤੀ ਪਾਸ ਜਾਕੇ ਸਮਾਜਕ ਸੁਰੱਖਿਆ ਦੀ (ਏਕਕ੍ਰਿਤ) ਵਿੰਡੋ ਰਾਹੀਂ ਪੇਸ਼ ਕਰਨਾ ਹੋਵੇਗਾ ਤਾਂ ਹੀ ਇਹ ਉਪਯੋਗੀ ਹੋਵੇਗਾ ? ਜਿਥੇ ਕਿਰਤੀ ਲਈ ਪੈਨਸ਼ਨ, ਬੀਮਾ, ਸਿਹਤ ਸਬੰਧੀ ਯੋਜਨਾਵਾਂ ਦੀ ਜਾਣਕਾਰੀ, ਅਰਜ਼ੀ ਦੇਣ ਦੀ ਵੀ ਸੁਵਿਧਾ ਇਕ ਹੀ ਥਾਂ ਹੋਵੇ ? ਕਿਰਤੀ, ਕਿਸਾਨ, ਸੀਨੀਅਰਜ਼ ਨੂੰ ਮਿਲਣ ਵਾਲੇ ਸਾਰੇ ਲਾਭ, ਯੋਜਨਾਵਾਂ ਤੇ ਅਰਜੀ ਦੇਣ ਲਈ ਆਸਾਨ ਪੰਜੀਕ੍ਰਿਤ ਦੀ ਵਿਵੱਸਥਾ, ਸੰਯੁਕਤ ਸੇਵਾ ਕੇਂਦਰ, ਪੰਚਾਇਤੀ, ਆਂਗਨਵਾੜੀ ਕੇਂਦਰਾਂ, ਸਥਾਨਕ ਭਾਸ਼ਾ ਰਾਹੀਂ ਕਾਗਜ਼ੀ ਕਾਰਵਾਈ ਘਟਾ ਕੇ ਲਾਭਪਾਤਰੀ ਨੂੰ ਸਿਧਾ ਲਾਭ ਮਿਲੇ ਅਜਿਹੇ ਸਿਸਟਮ ਨੂੰ ਪ੍ਰਭਾਵਸ਼ਾਲੀ ਬਣਾਉਣਾ ਚਾਹੀਦਾ ਹੈ। ਤਾਂ ਹੀ ਯੋਜਨਾਵਾਂ ਨੂੰ ਲੋਕ ਪੱਖੀ ਤੇ ਫਾਇਦੇਬੰਦ ਕਹਿ ਸਕਦੇ ਹਾਂ !।

ਦੇਸ਼ ਅੰਦਰ ਭਲਾਈ ਅਤੇ ਸਮਾਜਕ ਸੁਰੱਖਿਆ ਜਿਹੀਆਂ ਨੀਤੀਆਂ ਨੂੰ, 'ਇਸਤਰੀਆਂ, ਬਜ਼ੁਰਗਾਂ, ਅੰਗਹੀਣਾਂ ਅਤੇ ਹਾਲਾਤਾਂ ਪੂਰਬਕ ਕਿਰਤੀਆਂ ਦੀਆਂ ਅਲੱਗ-ਅਲੱਗ ਜ਼ਰੂਰਤਾਂ ਨੂੰ ਲੋੜ ਅਨੁਸਾਰ ਬਣਾਇਆ ਜਾਵੇ। ਕੰਮ ਕਰਨ ਵਾਲੀਆਂ ਇਸਤਰੀਆਂ ਦੇ ਮਹੱਤਵ ਨੂੰ ਸਮਝਦੇ ਹੋਏ ਆਉਣ ਜਾਣ ਅਤੇ ਕੰਮ ਕਰਨ ਵਾਲੀਆਂ ਥਾਵਾਂ ਦੌਰਾਨ ਸੁਰੱਖਿਆ ਤੇ ਆਉਣ ਜਾਣ ਦੇ ਸਾਧਨ ਕਿਵੇਂ ਕਾਰਗਰ ਤੇ ਲਾਭਕਾਰੀ ਹੋਣ ਅਮਲਕਾਰੀ ਬਣਾਇਆ ਜਾਵੇ। ਕਿਰਤੀ ਲੋਕਾਂ ਜਾਂ ਦੇਸ਼ ਦੇ ਕਲਿਆਣ ਕੰਮਾਂ ਵਿੱਚ ਜੁੜੇ ਕਾਮਿਆਂ ਦੇ ਕਲਿਆਣ-ਕੋਸ਼ਾਂ ਦਾ ਉਪਯੋਗ ਕਿਵੇਂ ਪਾਰਦਰਸ਼ੀ ਹੋਵੇ, ਪੰਜੀਕਰਨ ਅਤੇ ਉਹਨਾਂ ਤੱਕ ਲਾਭ ਕਿਵੇਂ ਪਹੁੰਚੇ, ਦੀ ਪ੍ਰਕਿਰਿਆ ਸਰਲ ਅਤੇ ਅਸਰਦਾਇਕ ਬਣਾਉਣ ਲਈ ਕਿਰਤੀ ਜੱਥੇਬੰਦੀਆਂ ਦਾ ਪੂਰਾ-ਪੂਰਾ ਸਹਿਯੋਗ ਅਤੇ ਸਹਿਮਤੀ ਜ਼ਰੂਰੀ ਹੈ। ਛੋਟੇ-ਛੋਟੇ ਸ਼ਹਿਰਾਂ, ਕੰਮ ਦੇ ਸਥਾਨਾਂ ਅਤੇ ਕਿਰਤੀਆਂ ਦੇ ਨਿਵਾਸ ਸਥਾਨਾਂ ਵਿੱਚ ਬੈਕਾਂ, ਇੰਟਰਨੈਟ ਅਤੇ ਪਹਿਚਾਣ ਸਬੰਧੀ ਆਉਂਦੀਆਂ ਮੁਸ਼ਕਿਲਾਂ ਨੂੰ ਦੂਰ ਤੇ ਹਲ ਕੀਤੇ ਬਿਨਾਂ ਡਿਜੀਟਲ ਵਿਵੱਸਥਾ ਪੂਰੀ ਤਰ੍ਹਾਂ ਨਾ- ਕਾਰਗਰ ਤੇ ਨਾ ਹੀ ਸਫਲ ਹੋ ਸਕਦੀ ਹੈ।

ਸਮਾਜਕ ਸੁਰੱਖਿਆ ਦੇ ਅੰਕੜਿਆਂ ਦਾ ਨਿਯਮਤ ਸਮਾਜਕ ਲੇਖਾ ਜੋਖਾ ਮੌਕੇ ਤੇ ਜਾ ਕੇ ਹੋਣਾ ਚਾਹੀਦਾ ਹੈ, ਤਾਂ ਜੋ ਪਤਾ ਲਗਾਇਆ ਜਾ ਸਕੇ ਕਿ ਇਹਨਾਂ ਯੋਜਨਾਵਾਂ ਦਾ ਲਾਭ ਅਮਲੀ ਰੂਪ ਵਿੱਚ ਲਾਭਕਾਰੀ ਅਤੇ ਲੋੜਮੰਦ ਲੋਕਾਂ ਤਕ ਪਹੁੰਚਿਆ ਹੈ ਜਾਂ ਨਹੀਂ, ਕੀ ਕਾਰਨ ਹੈ, ਕਿਥੇ ਕਤਾਹੀ ਤੇ ਕੌਣ ਜ਼ਿੰਮੇਵਾਰ ਹੈ ? ਆਡਿਟ ਨੋਟਾਂ ਵਿੱਚ ਪੈਰਾਵਾਰ ਕੀ ਕਾਰਵਾਈ ਕੀਤੀ ਹੈ? ਗੈਰ ਸੰਗਠਤ ਖੇਤਰ 'ਚ ਕੰਮ ਕਰਦੇ ਲੋਕਾਂ ਨੂੰ ਉਹਨਾਂ ਦੀ ਯੋਗਤਾ, ਸੇਵਾਵਾਂ ਨੂੰ ਡਿਊਟੀ ਨੂੰ ਸਾਹਮਣੇ ਰੱਖ ਕੇ ਪੈਨਸ਼ਨ, ਸਿਹਤ ਸਬੰਧੀ ਬੀਮਾਂ ਅਤੇ ਦੁਰਘਟਨਾਵਾਂ ਸਮੇਂ ਉਹਨਾਂ ਨੂੰ ਪੂਰੀਆਂ ਸਹੂਲਤਾਂ ਦੇਣ ਦਾ ਚੈਨਲ ਸਰਲ ਹੋਵੇ। ਨੀਤੀ-ਆਯੋਗ ਨੇ ਵੀ ਗਿਗ (ਛੋਟੇ) ਅਰਥ ਵਿਵੱਸਥਾ ਦੇ ਵਿਸਥਾਰ ਦੇ ਵਿੱਚ ਸਮਾਜਕ ਸੁਰੱਖਿਆ ਦੇ ਨਵੇਂ ਬਣਾਏ ਗਏ ਢਾਂਚੇ ਦੀ ਜ਼ਰੂਰਤ ਨੂੰ ਰੇਖਾਕ੍ਰਿਤ ਕੀਤਾ ਹੈ। ਸਾਲ 2021 ਵਿੱਚ ਸ਼ੁਰੂ ਈ.ਪੋਰਟਲ ਰਾਹੀਂ ਅਗਸਤ 2026 ਤਕ 31.89 ਕਰੋੜ ਤੋਂ ਵੱਧ ਕਿਰਤੀ ਲੋਕਾਂ ਦਾ ਪੰਜੀਕ੍ਰਿਤ ਹੋ ਚੁੱਕਿਆ ਹੈ, ਹੁਣ ਇਹ ਲਾਭ ਉਹਨਾਂ ਲੋੜਵੰਦ ਕਿਰਤੀਆਂ ਤਕ ਪਹੁੰਚਾਇਆ ਜਾਣਾ ਜ਼ਰੂਰੀ ਹੈ ਜੋ ਰਹਿ ਗਏ ਹਨ ?

ਵਿਕਸਤ ਭਾਰਤ ਦਾ ਨਿਸ਼ਾਨਾ ਕੇਵਲ ਉੱਚੀ ਜੀ.ਡੀ.ਪੀ. ਜਾਂ ਵੱਡੇ ਨਿਵੇਸ਼ ਦੀ ਪ੍ਰਾਪਤੀ ਨਾਲ ਨਹੀਂ ਹੋਵੇਗਾ। ਉਹ ਤਾਂ ਹੀ ਕਿਹਾ ਜਾ ਸਕਦਾ ਹੈ ਜਦੋਂ ਭਾਰਤ ਦੇ 62-ਕਰੋੜ ਤੋਂ ਵੱਧ ਗੈਰ ਸੰਗਠਤ ਕਿਰਤੀਆਂ ਨੂੰ ਰੁਜ਼ਗਾਰ, ਸਮਾਜਕ ਸੁਰੱਖਿਆ, ਬਿਮਾਰੀਆਂ ਨਾਲ ਜੂਝਣ ਲਈ ਮੁਫ਼ਤ ਇਲਾਜ, ਬੱਚਿਆਂ ਲਈ ਮੁਫ਼ਤ ਸਿੱਖਿਆ ਅਤੇ ਬੁਢੇਪੇ ਦੌਰਾਨ ਪੈਨਸ਼ਨਰੀ ਸਹੂਲਤਾਂ ਪ੍ਰਾਪਤ ਹੋਣਗੀਆਂ ? ਇਸਤਰੀ ਕਾਮਿਆ, ਗੈਰ-ਸੰਗਠਤ ਗਿਗ (ਛੋਟੇ), ਨਿਜੀ ਖੇਤਰ ਦੇ ਕਾਮਿਆਂ ਨੂੰ ਪੂਰੀ ਤਰ੍ਹਾਂ ਸਮਾਜਿਕ ਸੁਰੱਖਿਆ, ਸਕੀਮਾਂ 'ਚ ਕੰਮ ਕਰਦੇ ਲੱਖਾਂ ਕਾਮਿਆਂ ਨੂੰ ਬਰਾਬਰ ਕੰਮ ਬਦਲੇ ਬਰਾਬਰ ਤਨਖਾਹ ਤੇ ਸਹੂਲਤਾਂ ਨਾਲ ਜੋੜਨ ਤੋਂ ਬਿਨਾਂ ਦੇਸ਼ ਦੇ ਕਰੋੜਾਂ ਕਾਮਿਆ ਨੂੰ ਕਿਵੇਂ ਮੰਨੀਏ ਕਿ ਉਹ ਸਮਾਜਕ ਸੁਰੱਖਿਆ ਦੇ ਅਧੀਨ ਰਹਿ ਰਹੇ ਹਨ ? ਜਦੋਂ ਦੇਸ਼ ਦੇ ਕਿਰਤੀਆਂ ਦਾ ਵੱਡਾ ਹਿੱਸਾ ਅਜੇ ਸਮਾਜਕ ਸੁਰੱਖਿਆ ਤੋਂ ਬਿਨਾਂ ਮਰਹੂਮ ਸਹਾਮਣੇ ਨਜ਼ਰ ਆ ਰਿਹਾ ਹੈ। ਸਮਾਜਵਾਦੀ ਢਾਂਚੇ ਤੋਂ ਬਿਨਾਂ ਕਿਰਤੀ ਦੀ ਮੁਕਤੀ ਨਹੀਂ ਹੈ !

information in Public Interest



ਡਾ.ਗੁਰਦੀਪ ਸਿੰਘ ਵੱਲੋਂ ਪ੍ਰਸਾਰਿਤ ਸਿਹਤ ਵਿਗਿਆਨ (Health Education) ਦੀ ਲੜੀਵਾਰ ਲੈਕਚਰ ਸੀਰੀਜ਼ ਸੁਣੋ। ਰੋਜ਼ਾਨਾ ਕੈਲੀਫੋਰਨੀਆ ਟਾਈਮ ਸਮਾਂ ਸ਼ਾਮ 5 ਵਜੇ ਤੋਂ 6 ਵਜੇ ਤੱਕ। ਇਕ ਦਿਨ ਪੰਜਾਬੀ, ਇਕ ਦਿਨ ਅੰਗਰੇਜੀ ਅਤੇ ਇਕ ਦਿਨ ਹਿੰਦੀ ਵਿੱਚ ਰੇਡੀਓ ਸਬਰੰਗ (www.sabrangstation.com) ਯੂ ਟਿਊਬ, ਫੇਸਬੁੱਕ ਅਤੇ ਸਾਂਝੀ ਸੋਚ ਟੀ.ਵੀ ਉਪਰ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Dr.Gurdip S Sandhu: (408) 687 1899, (925) 587 1148

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 4 ਸਤੰਬਰ, 2026 ਤੋਂ ਆਰੰਭ ਹੋ ਚੁੱਕੀ ਹੈ ਜੋ ਕਿ 1 ਨਵੰਬਰ, 2026 ਨੂੰ ਨਗਰ ਕੀਰਤਨ ਨਾਲ ਸਮਾਪਤ ਹੋਵੇਗੀ।

ਪਹੁੰਚ ਰਹੇ ਜੱਥੇ ਅਤੇ ਪ੍ਰਚਾਰਕ

ਕੀਰਤਨੀ ਜਥੇ
- ਭਾਈ ਕਮਲਜੀਤ ਸਿੰਘ ਜੀ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ
- ਭਾਈ ਮਨਿੰਦਰ ਸਿੰਘ ਜੀ, ਸ੍ਰੀ ਨਗਰ ਵਾਲੇ

ਕਥਾ ਵਾਚਕ
- ਭਾਈ ਗੁਰਦੀਪ ਸਿੰਘ ਕਪੂਰਥਲੇ ਵਾਲੇ

ਢਾਡੀ
- ਭਾਈ ਸੁਖਵਿੰਦਰ ਸਿੰਘ ਅਨਮੋਲ ਜੀ ਅਤੇ ਜਥਾ

ਵਿਸ਼ੇਸ਼ ਕੀਰਤਨ ਸਮਾਗਮ

19 ਅਕਤੂਬਰ, 2026 ਦਿਨ ਸੋਮਵਾਰ ਤੋਂ ਰੋਜ਼ਾਨਾ ਸ਼ਾਮ ਦੇ 06:00 ਵਜੇ ਤੋਂ ਰਾਤ 10:00 ਵਜੇ ਤੱਕ
ਕੀਰਤਨ ਦੀਵਾਨ ਆਰੰਭ ਹੋਣਗੇ ਜੀ।

ਇਸਤੋਂ ਇਲਾਵਾ ਹੋਰ ਕਈ ਉੱਚ ਕੋਟੀ ਦੇ ਰਾਗੀ ਅਤੇ ਢਾਡੀ ਅਤੇ ਕੀਰਤਨੀ ਜੱਥੇ ਸੰਗਤਾਂ ਨੂੰ ਰਸਭਿੰਨੇ ਕੀਰਤਨ ਤੇ ਕਥਾ ਵਿਚਾਰਾਂ ਨਾਲ ਗੁਰੂ ਦੀਆਂ ਸੰਗਤਾਂ ਨੂੰ ਨਿਹਾਲ ਕਰਨਗੇ |

ਬੱਚਿਆਂ ਦਾ ਵਿਸ ਕੀਰਤਨ ਦਰਬਾਰ
ਅਕਤੂਬਰ 10, 2026 ਦਿਨ ਸ਼ਨੀਵਾਰ
ਬੱਚਿਆਂ ਦਾ
ਵਿਸ਼ੇਸ਼ ਕੀਰਤਨ ਦਰਬਾਰ
ਸ਼ਾਮ 6:30 ਵਜੇ ਤੋਂ ਰਾਤ 09:30 ਹੋਵੇਗਾ ਜੀ

ਵਿਸ਼ੇਸ਼ ਢਾਡੀ ਦਰਬਾਰ ਅਤੇ ਸ਼ਹੀਦੀ ਦਿਵਸ
24 ਅਕਤੂਬਰ, 2026 ਦਿਨ ਸ਼ਨੀਵਾਰ ਨੂੰ
ਸ਼ਾਮ 6:30 ਵਜੇ ਤੋਂ 10:00 ਵਜੇ ਤੱਕ
ਸਮੂਹ ਸ਼ਹੀਦਾਂ ਦੀ ਸ਼ਹੀਦੀ ਨੂੰ ਸਮਰਪਿਤ ਵਿਸ਼ੇਸ਼
ਢਾਡੀ ਦੀਵਾਨ ਸੱਜਣਗੇ ਜੀ

ਰੈਣ ਸਬਾਈ ਕੀਰਤਨ
31 ਅਕਤੂਬਰ, 2026 ਦਿਨ ਸ਼ਨੀਵਾਰ ਨੂੰ
ਰੈਣ ਸਬਾਈ ਕੀਰਤਨ ਸ਼ਾਮ 6:00 ਵਜੇ ਤੋਂ
ਰਾਤ 1:00 ਤੱਕ ਹੋਵੇਗਾ ਜਿਸ ਵਿੱਚ ਪ੍ਰਸਿੱਧ ਰਾਗੀ ਜਥੇ
ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ

ਆਤਿਸ਼ਬਾਜ਼ੀ
30 ਅਕਤੂਬਰ, 2026
ਦਿਨ ਸ਼ੁੱਕਰਵਾਰ ਨੂੰ ਰਾਤ 8:00 ਵਜੇ
ਆਤਿਸ਼ਬਾਜ਼ੀ ਹੋਵੇਗੀ ਜੀ |

ਭਾਈ ਮਹਿਤਾਬ ਸਿੰਘ ਜੀ ਦਾ ਜਨਮ ਦਿਹਾੜਾ
12 ਅਕਤੂਬਰ, ਐਤਵਾਰ ਤੋਂ 17 ਅਕਤੂਬਰ, ਸ਼ਨੀਵਾਰ ਤੱਕ
ਸਮਾਂ: ਸ਼ਾਮ 8 ਵਜੇ ਤੋਂ 9:30 ਵਜੇ ਤੱਕ
>> 18 ਅਕਤੂਬਰ, ਐਤਵਾਰ <<
ਸਮਾਂ: 12 ਵਜੇ ਤੋਂ 1:30 ਵਜੇ ਤੱਕ

ਦਸਤਾਰ ਮੁਕਾਬਲੇ
31 ਅਕਤੂਬਰ, ਸ਼ਨੀਵਾਰ
ਸਵੇਰੇ 11 ਵਜੇ

ਅੰਮ੍ਰਿਤ ਸੰਚਾਰ
31 ਅਕਤੂਬਰ, 2026 ਨੂੰ ਦਿਨ ਸ਼ਨੀਵਾਰ
ਸਵੇਰੇ 5:00 ਵਜੇ
ਅੰਮ੍ਰਿਤ ਸੰਚਾਰ ਹੋਵੇਗਾ ਜੀ |

ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ
31 ਅਕਤੂਬਰ, 2026 ਦਿਨ ਸ਼ਨੀਵਾਰ
ਸਵੇਰੇ 8:00 ਵਜੇ ਨਿਸ਼ਾਨ ਸਾਹਿਬ ਜੀ ਦੇ
ਚੋਲੇ ਦੀ ਸੇਵਾ ਹੋਵੇਗੀ ਜੀ |

ਸੈਮੀਨਾਰ
31 ਅਕਤੂਬਰ, ਸ਼ਨੀਵਾਰ
ਸਮਾਂ: 2 ਵਜੇ ਤੋਂ 4 ਵਜੇ ਤੱਕ

ਭੋਗ ਅਤੇ ਕੀਰਤਨ ਸਮਾਗਮ
1 ਨਵੰਬਰ, 2026 ਦਿਨ ਐਤਵਾਰ ਨੂੰ
ਸਵੇਰੇ 7:30 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ
ਪਾਏ ਜਾਣਗੇ ਜੀ ਅਤੇ ਉਪਰੰਤ ਕੀਰਤਨ ਸਮਾਗਮ ਅਰੰਭ ਹੋਵੇਗਾ ਜੀ |

ਨਗਰ ਕੀਰਤਨ
1 ਨਵੰਬਰ, 2026 ਦਿਨ ਐਤਵਾਰ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਵੇਰੇ 9:00 ਵਜੇ ਸ਼ੁਰੂ ਹੋ ਕੇ ਸ਼ਾਮ 4:00 ਵਜੇ ਗੁਰਦੁਆਰਾ ਸਾਹਿਬ ਪਹੁੰਚੇਗਾ | ਉਪਰੰਤ ਸਮਾਪਤੀ ਦੀ ਅਰਦਾਸ ਹੋਵੇਗੀ ਜੀ |

ਜ਼ਰੂਰੀ ਬੇਨਤੀ ਸਮੂਹ ਨਾਨਕ ਨਾਮ ਲੇਵਾ ਸੰਗਤ ਨੂੰ ਬੇਨਤੀ ਹੈ ਕਿ ਆਪਣੇ ਪਰਿਵਾਰਾਂ ਸਮੇਤ ਆ ਕੇ ਨਗਰ ਕੀਰਤਨ ਵਿੱਚ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ |

ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ, ਗੱਡੀਆਂ ਦੀ ਪਾਰਕਿੰਗ ਸਿਰਫ਼ ਨੀਯਤ ਜਗ੍ਹਾ 'ਤੇ ਹੀ ਕੀਤੀ ਜਾਵੇਗੀ ਜੀ, ਰਿਵਰ ਵੈਲੀ ਹਾਈ ਸਕੂਲ ਤੋਂ ਗੁਰੂ ਘਰ ਲਈ ਸਵੇਰੇ 8 :00 ਵਜੇ ਤੋਂ ਸ਼ਾਮ 6:30 ਤੱਕ ਫ਼ਰੀ ਬੱਸਾਂ ਦਾ ਪ੍ਰਬੰਧ ਹੋਵੇਗਾ ਅਤੇ ਸਕਿਉਰਿਟੀ ਦਾ ਖ਼ਾਸ ਪ੍ਰਬੰਧ ਕੀਤਾ ਗਿਆ ਹੈ ਜੀ ਅਤੇ ਦੁਕਾਨਾਂ ਦਾ ਬਜ਼ਾਰ ਪਿਛਲੇ ਸਾਲ ਵਾਲੀ ਜਗ੍ਹਾ ਤੇ ਹੀ ਹੋਵੇਗਾ ਜੀ |

ਬੇਨਤੀ ਕਰਤਾ : ਗੁਰੂ ਘਰ ਦੇ ਦਾਸ ਸਮੂਹ ਪ੍ਰਬੰਧਕ ਕਮੇਟੀ : ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ

ਭਾਈ ਰਣਜੀਤ ਸਿੰਘ ਜੀ (ਹੈੱਡ ਗ੍ਰੰਥੀ ਯੂਬਾ ਸਿਟੀ) (530) 673-9918, (530) 799-6989
ਚੇਅਰਮੈਨ ਸ: ਦਿਲਬਾਗ ਸਿੰਘ ਜੀ ਬੈਂਸ (530) 682-9316, ਪ੍ਰਧਾਨ ਸ: ਸਰਬਜੀਤ ਸਿੰਘ ਜੀ ਬਿਆੜਾ (530) 682-5861
ਸੈਕਟਰੀ ਸ: ਤੇਜਿੰਦਰ ਸਿੰਘ ਜੀ ਦੋਸਾਂਝ (530) 751-6322, ਖਜਾਨਚੀ ਸ : ਹਰਨੇਕ ਸਿੰਘ ਜੀ (530) 682-8094

ਆਸਟ੍ਰੇਲੀਆ ਦੀ ਧਰਤੀ 'ਤੇ ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਾਬਾ ਬਕਾਲਾ ਸਾਹਿਬ ਦੇ ਐਮ.ਡੀ ਕੁਲਬੀਰ ਸਿੰਘ ਦਾ ਵਿਸ਼ੇਸ਼ ਸਨਮਾਨ

ਮੈਲਬੌਰਨ
ਸਾਂਝੀ ਸੋਚ ਬਿਊਰੋ



ਦਸ਼ਮੇਸ਼ ਪਬਲਿਕ ਸੀਨੀਅਰ ਸੈਕੈਂਡਰੀ ਸਕੂਲ ਬਾਬਾ ਬਕਾਲਾ ਸਾਹਿਬ ਲਈ ਇਹ ਬੇਹੱਦ ਮਾਣ ਅਤੇ ਖੁਸ਼ੀ ਦਾ ਮੌਕਾ ਹੈ ਕਿ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਕੁਲਬੀਰ ਸਿੰਘ ਨੂੰ ਆਸਟ੍ਰੇਲੀਆ ਦੀ ਧਰਤੀ 'ਤੇ ਇੱਕ ਵਿਸ਼ੇਸ਼ ਸਮਾਗਮ ਦੌਰਾਨ ਸਨਮਾਨਿਤ ਕੀਤਾ ਗਿਆ। ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਵੱਲੋਂ ਨਿਭਾਈਆਂ ਜਾ ਰਹੀਆਂ ਸ਼ਾਨਦਾਰ ਸੇਵਾਵਾਂ, ਦੂਰਅੰਦੇਸ਼ੀ ਸੋਚ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਕੀਤੇ ਜਾ ਰਹੇ ਉਪਰਾਲਿਆਂ ਨੂੰ ਦੇਖਦਿਆਂ ਉਨ੍ਹਾਂ ਨੂੰ ਇਹ ਮਾਣ-ਸਨਮਾਨ ਪ੍ਰਦਾਨ ਕੀਤਾ ਗਿਆ। ਕੁਲਬੀਰ ਸਿੰਘ ਅਤੇ ਪ੍ਰਿੰਸੀਪਲ ਮੈਡਮ ਹਰਵਿੰਦਰ ਕੌਰ ਦੀ ਅਗਵਾਈ ਹੇਠ ਦਸ਼ਮੇਸ਼ ਪਬਲਿਕ ਸੀਨੀਅਰ ਸੈਕੈਂਡਰੀ ਸਕੂਲ ਬਾਬਾ ਬਕਾਲਾ ਸਾਹਿਬ ਸਿੱਖਿਆ ਦੇ ਖੇਤਰ ਵਿੱਚ ਲਗਾਤਾਰ ਨਵੀਆਂ ਪੈੜਾਂ ਸਿਰਜ ਰਿਹਾ ਹੈ। ਸਕੂਲ ਵਿੱਚ ਵਿਦਿਆਰਥੀਆਂ ਨੂੰ ਮਿਆਰੀ ਅਤੇ ਆਧੁਨਿਕ ਸਿੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਸਰਵਪੱਖੀ ਵਿਕਾਸ, ਚੰਗੇ ਸੰਸਕਾਰ, ਅਨੁਸ਼ਾਸਨ, ਆਤਮ-ਵਿਸ਼ਵਾਸ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਵੀ ਵਿਸ਼ੇਸ਼ ਤਰਜੀਹ ਦਿੱਤੀ ਜਾ ਰਹੀ ਹੈ। ਕੁਲਬੀਰ ਸਿੰਘ ਦੀ ਸੋਚ ਹੈ ਕਿ ਵਿਦਿਆਰਥੀਆਂ ਨੂੰ ਸਿਰਫ਼ ਕਿਤਾਬੀ ਗਿਆਨ ਤੱਕ ਸੀਮਤ ਨਾ ਰੱਖਿਆ ਜਾਵੇ, ਸਗੋਂ ਉਨ੍ਹਾਂ ਨੂੰ ਭਵਿੱਖ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਯੋਗ ਬਣਾਇਆ ਜਾਵੇ। ਇਸੇ ਉਦੇਸ਼ ਤਹਿਤ ਸਕੂਲ ਵਿੱਚ ਪੜ੍ਹਾਈ ਦੇ ਨਾਲ-ਨਾਲ ਖੇਡਾਂ, ਸੱਭਿਆਚਾਰਕ ਗਤੀਵਿਧੀਆਂ, ਰਚਨਾਤਮਕ ਕਾਰਜਾਂ ਅਤੇ ਵਿਦਿਆਰਥੀਆਂ ਦੀ ਸ਼ਖ਼ਸੀਅਤ ਨਿਖਾਰਨ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।

ਸਕੂਲ ਦੀਆਂ ਇਨ੍ਹਾਂ ਪ੍ਰਾਪਤੀਆਂ ਪਿੱਛੇ ਪ੍ਰਿੰਸੀਪਲ ਹਰਵਿੰਦਰ ਕੌਰ ਦੀ ਮਿਹਨਤ, ਸੁਚੱਜੀ ਅਗਵਾਈ ਅਤੇ ਸਮਰਪਣ ਦਾ ਵੀ ਵੱਡਾ ਯੋਗਦਾਨ ਹੈ। ਉਹ ਸਕੂਲ ਦੀ ਅਕਾਦਮਿਕ ਗੁਣਵੱਤਾ ਨੂੰ ਹੋਰ ਉੱਚਾ ਚੁੱਕਣ ਦੇ ਨਾਲ-ਨਾਲ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਹਮੇਸ਼ਾ ਬਿਹਤਰ ਪ੍ਰਦਰਸ਼ਨ ਲਈ ਪ੍ਰੇਰਿਤ ਕਰਦੇ ਹਨ। ਉਨ੍ਹਾਂ ਦੀ ਅਗਵਾਈ ਹੇਠ ਸਕੂਲ ਵਿੱਚ ਅਨੁਸ਼ਾਸਨ, ਮਿਆਰੀ ਸਿੱਖਿਆ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਜਾ ਰਹੀ ਹੈ।

ਐਮ.ਡੀ ਕੁਲਬੀਰ ਸਿੰਘ ਦੀ ਦੂਰਅੰਦੇਸ਼ੀ ਸੋਚ ਨੂੰ ਅਮਲੀ ਰੂਪ ਦੇਣ ਵਿੱਚ ਪ੍ਰਿੰਸੀਪਲ ਹਰਵਿੰਦਰ ਕੌਰ ਦੀ ਮਿਹਨਤ, ਪ੍ਰਬੰਧਕੀ ਯੋਗਤਾ ਅਤੇ ਸਮੁੱਚੀ ਟੀਮ ਨੂੰ ਨਾਲ ਲੈ ਕੇ ਚੱਲਣ ਦੀ ਕਾਬਲੀਅਤ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ। ਉਨ੍ਹਾਂ ਦੀ ਅਗਵਾਈ ਅਤੇ ਸਮੁੱਚੇ ਅਧਿਆਪਕ ਵਰਗ ਦੀ ਮਿਹਨਤ ਸਦਕਾ ਸਕੂਲ ਨਿਰੰਤਰ ਤਰੱਕੀ ਦੀਆਂ ਨਵੀਆਂ ਮੰਜ਼ਿਲਾਂ ਵੱਲ ਵਧ ਰਿਹਾ ਹੈ।

ਆਸਟ੍ਰੇਲੀਆ ਦੀ ਧਰਤੀ 'ਤੇ ਕੁਲਬੀਰ ਸਿੰਘ ਨੂੰ ਮਿਲਿਆ ਇਹ ਸਨਮਾਨ ਉਨ੍ਹਾਂ ਦੀ ਨਿੱਜੀ ਉਪਲਬਧੀ ਹੋਣ ਦੇ ਨਾਲ-ਨਾਲ ਦਸ਼ਮੇਸ਼ ਪਬਲਿਕ ਸੀਨੀਅਰ ਸੈਕੈਂਡਰੀ ਸਕੂਲ ਬਾਬਾ ਬਕਾਲਾ ਸਾਹਿਬ ਦੇ ਸਮੁੱਚੇ ਪ੍ਰਬੰਧਨ, ਪ੍ਰਿੰਸੀਪਲ, ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਲਈ ਵੀ ਮਾਣ ਦਾ ਵਿਸ਼ਾ ਹੈ। ਵਿਦੇਸ਼ ਦੀ ਧਰਤੀ 'ਤੇ ਸਕੂਲ ਦੀ ਪ੍ਰਬੰਧਕੀ ਅਗਵਾਈ ਨੂੰ ਮਿਲੀ ਇਹ ਮਾਨਤਾ ਸਿੱਖਿਆ ਦੇ ਖੇਤਰ ਵਿੱਚ ਸਕੂਲ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਦੀ ਹੈ। ਸਕੂਲ ਵੱਲੋਂ ਵਿਦਿਆਰਥੀਆਂ ਦੇ ਬਾਰ੍ਹਵੀਂ ਜਮਾਤ ਤੋਂ ਬਾਅਦ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਵਿਦੇਸ਼ੀ ਉੱਚ ਸਿੱਖਿਆ ਦੇ ਮੌਕਿਆਂ ਲਈ ਵੀ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਸਕੂਲ ਦੀ ਇਸ ਪਹਿਲਕਦਮੀ ਰਾਹੀਂ ਜਮਾਤ ਪੂਰੀ ਕਰਨ ਉਪਰੰਤ ਵਿਦੇਸ਼ਾਂ ਦੀਆਂ ਨਾਮਵਰ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਉੱਚ ਸਿੱਖਿਆ ਲਈ ਸਿੱਧੇ ਦਾਖ਼ਲੇ ਦੇ ਮੌਕੇ ਪ੍ਰਾਪਤ ਹੋ ਰਹੇ ਹਨ।

ਇਸ ਨਾਲ ਵਿਦਿਆਰਥੀਆਂ ਨੂੰ ਆਪਣੀ ਅਗਲੀ ਪੜ੍ਹਾਈ ਲਈ ਸਹੀ ਸੰਸਥਾ ਅਤੇ ਕੋਰਸ ਚੁਣਨ ਵਿੱਚ ਸਹਾਇਤਾ ਮਿਲਦੀ ਹੈ, ਜਦਕਿ ਮਾਪਿਆਂ ਨੂੰ ਦਾਖ਼ਲੇ ਦੀ ਪ੍ਰਕਿਰਿਆ, ਸਹੀ ਮਾਰਗਦਰਸ਼ਨ ਅਤੇ ਭਵਿੱਖ ਦੀ ਯੋਜਨਾਬੰਦੀ ਲਈ ਇੱਕ ਭਰੋਸੇਮੰਦ ਸਿੱਖਿਆ ਪ੍ਰਣਾਲੀ ਦਾ ਲਾਭ ਮਿਲਦਾ ਹੈ। ਸਕੂਲ ਦਾ ਇਹ ਉਪਰਾਲਾ ਵਿਦਿਆਰਥੀਆਂ ਨੂੰ ਬਾਰ੍ਹਵੀਂ ਤੋਂ ਬਾਅਦ ਬਿਨਾਂ ਕਿਸੇ ਅਣਜਾਣੇ ਰਸਤੇ ਵਿੱਚ ਭਟਕਣ ਦੇ ਆਪਣੀ ਉੱਚ ਸਿੱਖਿਆ ਦੀ ਮੰਜ਼ਿਲ ਵੱਲ ਸਿੱਧਾ ਕਦਮ ਚੁੱਕਣ ਵਿੱਚ ਮਦਦਗਾਰ ਸਾਬਤ ਹੋ ਰਿਹਾ ਹੈ।

ਇਸ ਮੌਕੇ ਸਕੂਲ ਪਰਿਵਾਰ ਅਤੇ ਇਲਾਕਾ ਵਾਸੀਆਂ ਵੱਲੋਂ ਐਮ.ਡੀ ਕੁਲਬੀਰ ਸਿੰਘ ਅਤੇ ਪ੍ਰਿੰਸੀਪਲ ਹਰਵਿੰਦਰ ਕੌਰ ਨੂੰ ਵਧਾਈ ਦਿੱਤੀ ਗਈ। ਅਧਿਆਪਕਾਂ ਅਤੇ ਵਿਦਿਆਰਥੀਆਂ ਵਿੱਚ ਵੀ ਇਸ ਉਪਲਬਧੀ ਨੂੰ ਲੈ ਕੇ ਖੁਸ਼ੀ ਦੀ ਲਹਿਰ ਪਾਈ ਗਈ।

ਇਹ ਸਨਮਾਨ ਸਕੂਲ ਦੀ ਸਮੁੱਚੀ ਟੀਮ ਦੀ ਮਿਹਨਤ ਅਤੇ ਸਿੱਖਿਆ ਪ੍ਰਤੀ ਸਮਰਪਣ ਦਾ ਪ੍ਰਤੀਕ ਹੈ। ਇਹ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ, ਉੱਚੇ ਮੌਕੇ ਅਤੇ ਇੱਕ ਸੁਨਹਿਰੀ ਭਵਿੱਖ ਦੇਣ ਲਈ ਹੋਰ ਉਤਸ਼ਾਹ ਨਾਲ ਕੰਮ ਕਰਨ ਦੀ ਪ੍ਰੇਰਣਾ ਦੇਵੇਗੀ। ਕੁਲਬੀਰ ਸਿੰਘ ਅਤੇ ਪ੍ਰਿੰਸੀਪਲ ਮੈਡਮ ਹਰਵਿੰਦਰ ਕੌਰ ਵਲੋਂ ਦਸਿਆ ਗਿਆ ਕੇ ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਾਬਾ ਬਕਾਲਾ ਸਾਹਿਬ ਦੀ ਇਹ ਉਪਲਬਧੀ ਸਮੁੱਚੇ ਇਲਾਕੇ ਲਈ ਵੀ ਮਾਣ ਦਾ ਵਿਸ਼ਾ ਹੈ ਅਤੇ ਇਹ ਸਾਬਤ ਕਰਦੀ ਹੈ ਕਿ ਸਹੀ ਦਿਸ਼ਾ, ਮਿਹਨਤ ਅਤੇ ਦੂਰਅੰਦੇਸ਼ੀ ਸੋਚ ਨਾਲ ਸਿੱਖਿਆ ਦੇ ਖੇਤਰ ਵਿੱਚ ਸਥਾਨਕ ਪੱਧਰ ਤੋਂ ਲੈ ਕੇ ਅੰਤਰਰਾਸ਼ਟਰੀ ਪੱਧਰ ਤੱਕ ਆਪਣੀ ਪਛਾਣ ਬਣਾਈ ਜਾ ਸਕਦੀ ਹੈ।

ਸਾਹਿਤਕਾਰ ਸੁਰਜੀਤ ਕੌਰ ਧਾਲੀਵਾਲ ਨੇ ਆਪਣੇ ਜਨਮਦਿਨ 'ਤੇ ਕਰਵਾਇਆ ਕਵੀ ਦਰਬਾਰ

ਐਡਮਿੰਟਨ
ਬਲਵਿੰਦਰ ਬਾਲਮ



ਐਡਮਿੰਟਨ, ਕੈਨੇਡਾ ਦੇ ਖੂਬਸੂਰਤ ਹੋਟਲ ਮੂਨਲਾਈਟ ਵਿਖੇ ਸਾਹਿਤਕਾਰ ਸੁਰਜੀਤ ਕੌਰ ਧਾਲੀਵਾਲ ਨੇ ਆਪਣੇ ਜਨਮਦਿਨ ਦੇ ਸੰਦਰਭ ਵਿੱਚ ਕਵੀ ਦਰਬਾਰ ਕਰਵਾਇਆ। ਇਸ ਮੌਕੇ ਵਿਸ਼ਵ ਪੰਜਾਬੀ ਸਭਾ ਇਕਾਈ ਐਡਮਿੰਟਨ ਦੇ ਅਧਿਕਾਰੀਆਂ ਨੇ ਮਿਲ ਕੇ ਸ਼ਿਰਕਤ ਕੀਤੀ। ਵਿਸ਼ੇਸ਼ ਤੌਰ 'ਤੇ ਤਸ਼ਰੀਫ਼ ਲਿਆਏ ਮੌਜੂਦਾ ਐੱਮ.ਐੱਲ.ਏ. ਜਸਵੀਰ ਸਿੰਘ ਦਿਓਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਬੋਲਦੇ ਹੋਏ ਸੁਰਜੀਤ ਕੌਰ ਧਾਲੀਵਾਲ ਦੀ ਅਤੀਤ, ਵਰਤਮਾਨ ਅਤੇ ਭਵਿੱਖ ਸ਼ੈਲੀ ਅਤੇ ਸਾਹਿਤਕ ਯਾਤਰਾ ਉੱਪਰ ਵਿਚਾਰ ਰੱਖੇ। ਵਿਸ਼ੇਸ਼ ਤੌਰ 'ਤੇ ਬਲਵਿੰਦਰ ਬਾਲਮ ਅਤੇ ਦਲਬੀਰ ਸਿੰਘ ਰਿਆੜ ਨੇ ਕਿਹਾ ਕਿ ਸੁਰਜੀਤ ਕੌਰ ਧਾਲੀਵਾਲ ਦੀ ਲੇਖਣੀ ਵਿੱਚ ਵਰਤਮਾਨ ਅਤੇ ਅਤੀਤ ਦੀਆਂ ਘਟਨਾਵਾਂ ਤੋਂ ਲੈ ਕੇ ਮਨੁੱਖੀ ਕਦਰਾਂ-ਕੀਮਤਾਂ ਦੀ ਖੁਸ਼ਬੂ ਵੇਖਣ ਨੂੰ ਮਿਲਦੀ ਹੈ। ਐਡਮਿੰਟਨ ਵਰਗੇ ਵਿਦੇਸ਼ੀ ਸ਼ਹਿਰ ਵਿੱਚ ਰਹਿ ਕੇ ਪੰਜਾਬੀ ਸੱਭਿਆਚਾਰ ਨੂੰ ਜ਼ਿੰਦਾ ਰੱਖਣ ਦੇ ਉਪਰਾਲੇ ਸ਼ਲਾਘਾਯੋਗ ਹਨ। ਖ਼ਾਸ ਤੌਰ 'ਤੇ ਪੰਜਾਬੀ ਔਰਤਾਂ ਦੇ ਸੱਭਿਆਚਾਰਕ ਮੇਲੇ ਕਰਵਾਉਣਾ, ਖੇਡ ਕਿਰਿਆਵਾਂ ਕਰਵਾਉਣਾ, ਕਿਸ਼ੋਰ ਉਮਰ ਦੀਆਂ ਲੜਕੀਆਂ ਤੋਂ ਲੈ ਕੇ 75 ਸਾਲ ਦੀ ਉਮਰ ਤੱਕ ਦੀਆਂ ਮਹਿਲਾਵਾਂ ਦੇ ਖੇਡ ਮੁਕਾਬਲੇ ਕਰਵਾਉਣਾ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬੀਆਂ ਦਾ ਇਕੱਠ ਕਰਨਾ ਸੁਰਜੀਤ ਕੌਰ ਧਾਲੀਵਾਲ ਦੇ ਹਿੱਸੇ ਹੀ ਆਉਂਦਾ ਹੈ। ਸੱਭਿਆਚਾਰਕ ਕਿਰਿਆਵਾਂ ਵਿੱਚ ਸੁਰਜੀਤ ਕੌਰ ਧਾਲੀਵਾਲ ਐਡਮਿੰਟਨ ਦੀ ਕਾਫ਼ੀ ਨਾਮਚੀਨ ਹਸਤੀ ਹੈ। ਭਵਿੱਖ ਵਿੱਚ ਵੀ ਪੰਜਾਬੀ ਮਾਂ-ਬੋਲੀ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀਆਂ ਦੇ ਝੰਡੇ ਬੁਲੰਦ ਕਰਦੇ ਰਹਿਣਗੇ। ਸਾਡਾ ਇਨ੍ਹਾਂ ਨੂੰ ਹਮੇਸ਼ਾ ਹੀ ਸਹਿਯੋਗ ਰਹੇਗਾ। ਜਨਮਦਿਨ ਦੀਆਂ ਮੁਬਾਰਕਾਂ ਦਿੰਦੇ ਹੋਏ ਕਿਹਾ ਕਿ ਪਰਮਾਤਮਾ ਵਾਹਿਗੁਰੂ ਇਨ੍ਹਾਂ ਨੂੰ ਤੰਦਰੁਸਤੀ ਬਖ਼ਸ਼ੇ, ਤਾਂ ਜੋ ਪੰਜਾਬੀ ਸੱਭਿਆਚਾਰ ਦੀ ਹੋਰ ਕਰਮਠਤਾ, ਨਿਸ਼ਠਾ ਅਤੇ ਪਾਰਦਰਸ਼ੀ ਕਿਰਿਆਵਾਂ ਨਾਲ ਸੇਵਾ ਕਰਦੇ ਰਹਿਣ। ਜਸਵੀਰ ਸਿੰਘ ਦਿਓਲ ਐੱਮ.ਐੱਲ.ਏ. ਨੇ ਸ਼ੁਭਕਾਮਨਾਵਾਂ ਦਿੰਦੇ ਹੋਏ ਸਭਨਾਂ ਦਾ ਧੰਨਵਾਦ ਕੀਤਾ। ਸੁਰਜੀਤ ਕੌਰ ਧਾਲੀਵਾਲ ਨੇ ਵੀ ਸਭਨਾਂ ਦਾ ਪਹੁੰਚਣ 'ਤੇ ਧੰਨਵਾਦ ਕਰਦੇ ਹੋਏ ਕੁਝ ਕਵਿਤਾਵਾਂ ਸੁਣਾਈਆਂ। ਕਵੀ ਦਰਬਾਰ ਵਿੱਚ ਦਲਬੀਰ ਸਿੰਘ ਰਿਆੜ, ਬਲਵਿੰਦਰ ਬਾਲਮ, ਕੁਲਵਿੰਦਰ ਫੁੱਲ, ਦੀਪਾ ਬੰਡਾਲਾ, ਦਰਸ਼ਨ ਅਣਜਾਣ, ਅਮ੍ਰਿਤਪਾਲ ਸਿੰਘ ਅਮ੍ਰਿਤ, ਮੈਨੇਜਰ ਨਰਿੰਦਰ ਸਿੰਘ ਲੁਬਾਣਾ, ਤੇਜਿੰਦਰਪਾਲ ਸਿੰਘ ਰਿਆੜ, ਸਤਨਾਮ ਸਿੰਘ ਗਾਹਲੇ, ਕਾਰਜ ਸਿੰਘ ਔਲਖ, ਮਾਸਟਰ ਅਜੀਤ ਸਿੰਘ ਖੰਗੂੜਾ, ਗੁਰਨਾਮ ਸਿੰਘ ਅਟਵਾਲ ਅਤੇ ਪਾਰਸ ਮਹੀਨੀਆਂ ਨੇ ਕਵਿਤਾਵਾਂ ਸੁਣਾ ਕੇ ਖੂਬ ਰੰਗ ਭਰਿਆ। ਇਹ ਸਮਾਗਮ ਚਿਰਸਥਾਈ ਯਾਦਾਂ ਛੱਡਦਾ ਸੰਪੰਨ ਹੋਇਆ।

Space available for Ad
Contact # +1 (209) 303-1260
Contact # +91 81463-20009

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ



Sikandar Singh Grewal &
Charanjit Kaur Grewal
(Tracy)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ
ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ



Jay Gill

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ



Baljit Singh

Delhi Gas Station

Waterford Gas Station

Dollar City Corp Stores



Gurvir Sandhu

ਪਾਕਿਸਤਾਨ 'ਚ ਇੱਕ ਨਾਬਾਲਿਗ ਸਿੱਖ ਕੁੜੀ ਨੇ ਕਬੂਲ ਕੀਤਾ ਇਸਲਾਮ

ਇਸਲਾਮਾਬਾਦ
ਸਾਂਝੀ ਸੋਚ ਬਿਊਰੋ



ਪਾਕਿਸਤਾਨ ਵਿੱਚ ਇੱਕ ਨਾਬਾਲਗ ਸਿੱਖ ਕੁੜੀ ਨੇ ਇਸਲਾਮ ਧਰਮ ਅਪਣਾ ਲਿਆ ਹੈ। ਇਸ ਸੰਬੰਧੀ ਉਸ ਕੁੜੀ ਦਾ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਵੀ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਉਹ ਆਪਣੀ ਮਰਜ਼ੀ ਨਾਲ ਧਰਮ ਪਰਿਵਰਤਨ ਕਰਨ ਦੀ ਗੱਲ ਮੰਨਦੀ ਹੈ।

ਵੀਡੀਓ 'ਚ ਉਹ ਕਹਿ ਰਹੀ ਹੈ ਕਿ ਇਸਲਾਮ ਕਬੂਲ ਕਰਨ ਤੋਂ ਬਾਅਦ, "ਉਹ ਬਹੁਤ ਸ਼ਾਂਤੀ ਮਹਿਸੂਸ ਕਰ ਰਹੀ ਹੈ। ਉਸ ਨੂੰ ਆਪਣੇ ਧਰਮ ਪਰਿਵਰਤਨ 'ਤੇ ਕੋਈ ਪਛਤਾਵਾ ਨਹੀਂ ਹੈ।"ਉਹ ਇਹ ਵੀ ਕਹਿੰਦੀ ਹੈ, "ਮੈਨੂੰ ਲੱਗਦਾ ਹੈ ਕਿ ਮੈਨੂੰ ਕਲਮਾ ਪੜ੍ਹ ਕੇ ਸਵਰਗ ਮਿਲ ਗਿਆ ਹੈ। ਮੈਂ ਪਹਿਲੀ ਵਾਰ ਰਮਜ਼ਾਨ ਮਨਾ ਕੇ ਬਹੁਤ ਵਧੀਆ ਮਹਿਸੂਸ ਕਰ ਰਹੀ ਹਾਂ।" ਜਦੋਂ ਕਿ ਕੁੜੀ ਦੇ ਇਸ ਵੀਡੀਓ ਦਾ ਸਹੀ ਸਮਾਂ ਅਤੇ ਸਥਾਨ ਅਜੇ ਪਤਾ ਨਹੀਂ ਹੈ, ਉੱਥੇ ਹੀ ਸਿੱਖ ਭਾਈਚਾਰੇ ਨੇ ਇਸ 'ਤੇ ਸਖ਼ਤ ਨਾਰਾਜ਼ਗੀ ਪ੍ਰਗਟ ਕੀਤੀ ਹੈ।

ਅਮਿਤਾਭ ਬੱਚਨ ਦੇ ਬੰਗਲੇ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਧਮਕੀ ਵਿੱਚ ਦਿਲਜੀਤ ਦੋਸਾਂਝ ਦਾ ਵੀ ਜ਼ਿਕਰ

ਮੁੰਬਈ
ਸਾਂਝੀ ਸੋਚ ਬਿਊਰੋ



ਮੁੰਬਈ ਪੁਲਿਸ ਨੂੰ ਸ਼ੁੱਕਰਵਾਰ ਨੂੰ ਇੱਕ ਧਮਕੀ ਭਰੀ ਈਮੇਲ ਬਾਰੇ ਜਾਣਕਾਰੀ ਮਿਲੀ, ਜਿਸ ਵਿੱਚ ਕਥਿਤ ਤੌਰ 'ਤੇ ਦਿੱਗਜ ਅਦਾਕਾਰ ਅਮਿਤਾਭ ਬੱਚਨ ਦੀ ਰਿਹਾਇਸ਼ ਦਾ ਨਾਮ ਲਿਆ ਗਿਆ ਸੀ ਅਤੇ ਗਾਇਕ-ਅਦਾਕਾਰ ਦਿਲਜੀਤ ਦੋਸਾਂਝ ਦਾ ਵੀ ਜ਼ਿਕਰ ਕੀਤਾ ਗਿਆ ਸੀ। ਪੁਲਿਸ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ, ਜਦਕਿ ਹੋਰ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਸੰਦੇਸ਼ ਸ਼ਹਿਰ ਦੇ ਬਾਂਦਰਾ-ਕੁਰਲਾ ਕੰਪਲੈਕਸ ਖੇਤਰ ਵਿੱਚ ਸਥਿਤ ਇੱਕ ਸਕੂਲ ਨੂੰ ਭੇਜਿਆ ਗਿਆ ਸੀ, ਜਿਸ ਤੋਂ ਬਾਅਦ ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ। ਇਸ ਪੱਤਰ ਵਿੱਚ ਦਿਲਜੀਤ ਦੋਸਾਂਝ ਦਾ ਵੀ ਜ਼ਿਕਰ ਸੀ, ਜਿਸ ਤੋਂ ਸੰਕੇਤ ਮਿਲਦਾ ਹੈ ਕਿ ਉਨ੍ਹਾਂ ਨੂੰ ਵੀ ਧਮਕੀ ਦਿੱਤੀ ਗਈ ਹੈ, ਹਾਲਾਂਕਿ ਧਮਕੀ ਸਿੱਧੇ ਤੌਰ 'ਤੇ ਉਨ੍ਹਾਂ ਨੂੰ ਨਹੀਂ ਦਿੱਤੀ ਗਈ ਸੀ। ਧਮਕੀ ਭਰੇ ਪੱਤਰ ਵਿੱਚ ਅਮਿਤਾਭ ਬੱਚਨ ਅਤੇ ਦਿਲਜੀਤ ਦੋਸਾਂਝ ਦਾ ਜ਼ਿਕਰ ਕਰਦਿਆਂ ਉਨ੍ਹਾਂ 'ਤੇ ਕਥਿਤ ਹਮਲਿਆਂ ਬਾਰੇ ਖਾਸ ਦਾਅਵੇ ਕੀਤੇ ਗਏ ਸਨ। ਇਸ ਵਿੱਚ ਬੱਚਨ ਦੀ ਮੁੰਬਈ ਸਥਿਤ ਰਿਹਾਇਸ਼ 'ਜਲਸਾ' ਦਾ ਹਵਾਲਾ ਦਿੱਤਾ ਗਿਆ ਸੀ ਅਤੇ ਕਥਿਤ ਹਮਲਿਆਂ ਲਈ 31 ਅਕਤੂਬਰ ਅਤੇ 27 ਨਵੰਬਰ ਦੀਆਂ ਤਾਰੀਖਾਂ ਦੱਸੀਆਂ ਗਈਆਂ ਸਨ। ਇਸ ਵਿੱਚ 27 ਨਵੰਬਰ ਨੂੰ ਮੁੰਬਈ ਦੇ ਮਹਾਲਕਸ਼ਮੀ ਰੇਸਕੋਰਸ ਵਿਖੇ ਕਥਿਤ ਬੰਬ ਹਮਲੇ ਦੇ ਸਬੰਧ ਵਿੱਚ ਦੋਸਾਂਝ ਦਾ ਵੀ ਜ਼ਿਕਰ ਕੀਤਾ ਗਿਆ ਸੀ।

ਤਿੱਬਤ 'ਚ 7 ਤੀਬਰਤਾ ਦਾ ਭੂਚਾਲ, 16 ਮੌਤਾਂ, 54 ਜ਼ਖ਼ਮੀ

ਤਿੱਬਤ
ਸਾਂਝੀ ਸੋਚ ਬਿਊਰੋ



ਤਿੱਬਤ ਵਿੱਚ ਵੀਰਵਾਰ ਰਾਤ ਕਰੀਬ 8 ਵਜੇ 7 ਤੀਬਰਤਾ ਦਾ ਭੂਚਾਲ ਆਇਆ। ਇਸ ਕੁਦਰਤੀ ਆਫ਼ਤ ਕਾਰਨ 16 ਲੋਕਾਂ ਦੀ ਮੌਤ ਹੋ ਗਈ, ਜਦਕਿ 54 ਹੋਰ ਜ਼ਖ਼ਮੀ ਹੋ ਗਏ। ਜਾਣਕਾਰੀ ਮੁਤਾਬਕ, ਭੂਚਾਲ ਦਾ ਕੇਂਦਰ ਤਿੱਬਤ ਦੀ ਰਾਜਧਾਨੀ ਲ੍ਹਾਸਾ ਤੋਂ ਕਰੀਬ 400 ਕਿਲੋਮੀਟਰ ਦੂਰ ਨਾਗਕੂ ਖੇਤਰ ਵਿੱਚ ਸੀ। ਇਹ ਭੂਚਾਲ ਜ਼ਮੀਨ ਤੋਂ ਲਗਭਗ 10 ਕਿਲੋਮੀਟਰ ਦੀ ਡੂੰਘਾਈ 'ਤੇ ਆਇਆ।

ਚੀਨ ਦੇ ਭੂਚਾਲ ਨੈੱਟਵਰਕ ਕੇਂਦਰ ਮੁਤਾਬਕ, ਭੂਚਾਲ ਦੇ ਝਟਕੇ ਸਥਾਨਕ ਇਲਾਕੇ ਵਿੱਚ ਸਪੱਸ਼ਟ ਤੌਰ 'ਤੇ ਮਹਿਸੂਸ ਕੀਤੇ ਗਏ। ਇਸ ਦੌਰਾਨ ਪਾਕਿਸਤਾਨ ਵਿੱਚ 4.9 ਤੀਬਰਤਾ ਅਤੇ ਅਫ਼ਗਾਨਿਸਤਾਨ ਵਿੱਚ 4.1 ਤੀਬਰਤਾ ਦੇ ਭੂਚਾਲ ਦੇ ਝਟਕੇ ਵੀ ਮਹਿਸੂਸ ਕੀਤੇ ਗਏ।

ਪੰਜਾਬ 'ਚ 6 ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਮਿਲੇ ਵਿਸ਼ੇਸ਼ ਅਧਿਕਾਰ, ਨੋਟੀਫਿਕੇਸ਼ਨ ਜਾਰੀ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਸੂਬੇ ਵਿੱਚ ਨਸ਼ਾ ਤਸਕਰੀ ਖਿਲਾਫ ਕਾਰਵਾਈ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ, ਸੂਬਾ ਸਰਕਾਰ ਨੇ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਹਨ। ਗ੍ਰਹਿ ਵਿਭਾਗ ਵੱਲੋਂ ਜਾਰੀ ਇੱਕ ਨੋਟੀਫਿਕੇਸ਼ਨ ਅਨੁਸਾਰ ਪੁਲਿਸ ਕਮਿਸ਼ਨਰਾਂ ਅਤੇ ਪੁਲਿਸ ਰੇਂਜਾਂ ਦੇ ਇੰਚਾਰਜ ਅਧਿਕਾਰੀਆਂ ਨੂੰ ਉਨ੍ਹਾਂ ਦੇ ਸਬੰਧਤ ਅਧਿਕਾਰ ਖੇਤਰਾਂ ਵਿੱਚ ਵਿਸ਼ੇਸ਼ ਤੌਰ 'ਤੇ ਅਧਿਕਾਰਤ ਕੀਤਾ ਗਿਆ ਹੈ। ਪੰਜਾਬ ਸਰਕਾਰ ਨੇ ਐਨਡੀਪੀਐਸ ਐਕਟ ਦੇ ਤਹਿਤ ਨਸ਼ਾ ਤਸਕਰਾਂ ਨਾਲ ਨਜਿੱਠਣ ਲਈ ਛੇ ਸੀਨੀਅਰ ਆਈਪੀਐਸ ਅਧਿਕਾਰੀਆਂ ਨੂੰ ਵਿਸ਼ੇਸ਼ ਸ਼ਕਤੀਆਂ ਦਿੱਤੀਆਂ ਹਨ। ਇਹ ਹੁਕਮ 'ਨਸ਼ੀਲੇ ਪਦਾਰਥਾਂ ਅਤੇ ਸਾਈਕੋਟ੍ਰੋਪਿਕ ਪਦਾਰਥਾਂ ਦੀ ਗੈਰ-ਕਾਨੂੰਨੀ ਤਸਕਰੀ ਦੀ ਰੋਕਥਾਮ ਐਕਟ' ਦੀ ਧਾਰਾ 3 ਦੀ ਉਪ-ਧਾਰਾ (1) ਤਹਿਤ ਜਾਰੀ ਕੀਤਾ ਗਿਆ ਹੈ।

ਇਸ ਨੋਟੀਫਿਕੇਸ਼ਨ ਵਿੱਚ ਰਾਜਪਾਲ ਦੀ ਮਨਜ਼ੂਰੀ ਸ਼ਾਮਲ ਹੈ, ਜਿਸ ਰਾਹੀਂ ਸਬੰਧਤ ਅਧਿਕਾਰੀਆਂ ਨੂੰ ਇਸ ਧਾਰਾ ਦੇ ਉਦੇਸ਼ਾਂ ਲਈ ਵਿਸ਼ੇਸ਼ ਤੌਰ 'ਤੇ ਅਧਿਕਾਰਤ ਕੀਤਾ ਗਿਆ ਹੈ। ਜਾਰੀ ਨੋਟੀਫਿਕੇਸ਼ਨ ਵਿੱਚ 6 ਸੀਨੀਅਰ ਪੁਲਿਸ ਅਧਿਕਾਰੀਆਂ ਜਿਨ੍ਹਾਂ ਵਿੱਚ ਸਪੈਸ਼ਲ ਡੀਜੀਪੀ (ਟ੍ਰੈਫਿਕ) ਏਐੱਸ ਰਾਏ, ਏਡੀਜੀਪੀ ਗੌਤਮ ਚੀਮਾ, ਏਡਜੀਪੀ (ਅੰਦਰੂਨੀ ਸੁਰੱਖਿਆ) ਸ਼ਿਵ ਵਰਮਾ, ਏਡੀਜੀਪੀ (ਸੁਰੱਖਿਆ) ਕੌਸਤੁਭ ਸ਼ਰਮਾ, ਏਡੀਜੀਪੀ ਅੰਦਰੂਨੀ ਚੌਕਸੀ ਸੈੱਲ ਨੌਨਿਹਾਲ ਸਿੰਘ ਅਤੇ ਆਈਜੀਪੀ ਪ੍ਰੋਵੀਜ਼ਨਿੰਗ ਐੱਸ. ਭੂਪਤੀ ਸ਼ਾਮਲ ਹਨ। ਇਨ੍ਹਾਂ ਅਧਿਕਾਰੀਆਂ ਨੂੰ ਉਨ੍ਹਾਂ ਪੁਲਿਸ ਕਮਿਸ਼ਨਰੇਟਾਂ, ਪੁਲਿਸ ਰੇਂਜਾਂ ਅਤੇ ਹੈੱਡਕੁਆਰਟਰ ਇਕਾਈਆਂ ਲਈ ਅਧਿਕਾਰਤ ਕੀਤਾ ਗਿਆ ਹੈ, ਜਿੱਥੇ ਇਸ ਸਮੇਂ ਆਈ.ਜੀ.ਪੀ. ਰੈਂਕ ਦਾ ਕੋਈ ਅਧਿਕਾਰੀ ਤਾਇਨਾਤ ਨਹੀਂ ਹੈ। ਇਨ੍ਹਾਂ ਵਿਚੋਂ ਹਰੇਕ ਅਧਿਕਾਰੀ ਦਾ ਅਧਿਕਾਰ ਖੇਤਰ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਵਲੋਂ ਪ੍ਰਸ਼ਾਸਕੀ ਤੌਰ 'ਤੇ ਨਿਰਧਾਰਤ ਕੀਤਾ ਜਾਵੇਗਾ।



ਰੱਬਾ ਇੰਨੇ ਜੋਗਾ ਕਰਦੇ ਕਿ ਲੋਕ ਕਹਿਣ ਇੰਨੇ ਜੋਗਾ ਕਿੱਥੇ ਸੀ...



Where Compassion Meets True

LUXURY

Discover an exclusive living experience designed for seniors living with dementia, schizophrenia, bipolar disorder, and complex mental health needs where clinical excellence meets comfort, dignity, and elegance

Refundable deposit of $500,000 with 8% annual interest

Exclusive Long-Term Luxury Living Opportunity

With only **25 exclusive units** available, we offer limited availability for discerning residents seeking long term luxury care through compassionate support and refined living.

Luxury Living with Expert Care

- 24/7 Highly Trained Care Staff
- On-site Senior Psychologist
- Licensed Registered Nurse (RN)
- Regular visits by a psychiatrist and physician

Healing Garden Therapy

Serene outdoor garden designed for relaxation, featuring walking paths, sitting areas, and peaceful natural surrounding that support emotional well-being

Full-Service Lifestyle Assistance

- We schedule all doctor appointments,
- Staff escort residents to medical appointments,
- Transportation for church, shopping and outings.

Music Therapy

Guided therapeutic sessions using soothing music, drumming, and movement to reduce stress, enhance mood, lift spirits, and increase cognitive well-being

Daily Cost Ranges from $250 to $500 Per Day

depending on the level of care required.


St. Michael Assisted Living

Dinuba, CA

Location: Dinuba, CA

Contact: (925) 285-9881 (559) 915-9045

Website: www.stmichaelrcfe.com



DR. HARMESH KUMAR
PRESIDENT, CEO & PSYCHOLOGIST

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ
ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ

Majestic Homes

3711 Sunset Lane, Suite F Antioch, CA 94509
Office: (925)779 - 1234 | WWW.MajesticHomes.Properties

MAJESTIC HOMES

MLS

EQUAL HOUSING OPPORTUNITY

हिन्दी बोलने वालों का स्वागत है।

ਪੰਜਾਬੀ ਬੋਲਣ ਵਾਲਿਆਂ ਦਾ ਸਵਾਗਤ ਹੈ



Ramesh Suman
Broker
DRE License - 00871752
CDPE, GRI, RCS-D
Certified HAFA Specialist,
Direct: (925)366-3618
Email:
Ramesh@RameshSuman.com

Real Estate Services and Property Management

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ



Gulinder Gill

ਰਾਸ਼ਟਰਪਤੀ ਦੇ ਮਾਨਸਰੋਵਰ, ਥਿਰਾਣਾ (ਪਾਣੀਪਤ) ਦੇ ਪ੍ਰਸਤਾਵਿਤ ਦੌਰੇ ਨੂੰ ਲੈ ਕੇ ਪ੍ਰਸ਼ਾਸਨ ਅਲਰਟ, 26 ਅਕਤੂਬਰ ਤੱਕ ਮੁਕੰਮਲ ਹੋਣਗੀਆਂ ਤਿਆਰੀਆਂ

ਪਾਣੀਪਤ
ਨਿਰਮਲ ਸਿੰਘ ਵਿਰਕ

ਹਰਿਆਣਾ ਦਿਵਸ ਦੇ ਮੌਕੇ 'ਤੇ ਥਿਰਾਣਾ ਸਥਿਤ ਗਿਆਨ ਮਾਨਸਰੋਵਰ ਦੇ ਰਿਟਰੀਟ ਸੈਂਟਰ ਵਿੱਚ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਦੇ ਪ੍ਰਸਤਾਵਿਤ ਆਗਮਨ ਨੂੰ ਲੈ ਕੇ ਜ਼ਿਲ੍ਹਾ ਪ੍ਰਸ਼ਾਸਨ ਨੇ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਇਸ ਸਬੰਧੀ ਬੁੱਧਵਾਰ ਨੂੰ ਜ਼ਿਲ੍ਹਾ ਸਕੱਤਰੇਤ ਦੇ ਸਭਾਗਾਰ ਵਿੱਚ ਡਿਪਟੀ ਕਮਿਸ਼ਨਰ ਡਾ. ਹਰੀਸ਼ ਕੁਮਾਰ ਵਸ਼ਿਸ਼ਠ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ। ਉਨ੍ਹਾਂ ਨੇ ਪ੍ਰੋਗਰਾਮ ਦੀਆਂ ਤਿਆਰੀਆਂ ਦਾ ਵਿਸਥਾਰ ਨਾਲ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ। ਉਨ੍ਹਾਂ ਸਪੱਸ਼ਟ ਕੀਤਾ ਕਿ ਸਾਰੇ ਵਿਭਾਗ ਆਪਸੀ ਤਾਲਮੇਲ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਰਧਾਰਤ ਸਮੇਂ ਅੰਦਰ ਪੂਰੀਆਂ ਕਰਨ। ਡਿਪਟੀ ਕਮਿਸ਼ਨਰ ਡਾ. ਹਰੀਸ਼ ਕੁਮਾਰ ਵਸ਼ਿਸ਼ਠ ਨੇ ਕਿਹਾ ਕਿ ਰਾਸ਼ਟਰਪਤੀ ਦੇ ਪ੍ਰਸਤਾਵਿਤ ਦੌਰੇ ਦੇ ਮੱਦੇਨਜ਼ਰ ਸੁਰੱਖਿਆ, ਆਵਾਜਾਈ ਪ੍ਰਬੰਧਨ, ਪਾਰਕਿੰਗ, ਸਫ਼ਾਈ, ਪੀਣ ਵਾਲੇ ਪਾਣੀ, ਬਿਜਲੀ ਅਤੇ ਹੋਰ ਬੁਨਿਆਦੀ ਸਹੂਲਤਾਂ ਦੇ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਜਾਣ। ਇਸ ਪ੍ਰੋਗਰਾਮ ਲਈ ਵਧੀਕ ਡਿਪਟੀ ਕਮਿਸ਼ਨਰ ਅੰਕਿਤ ਚੌਕਸੇ ਨੂੰ ਨੋਡਲ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਲੋੜ ਅਨੁਸਾਰ ਵੱਖ-ਵੱਖ ਥਾਵਾਂ 'ਤੇ ਡਿਊਟੀ ਮੈਜਿਸਟ੍ਰੇਟ ਵੀ ਨਿਯੁਕਤ ਕੀਤੇ ਜਾਣਗੇ, ਤਾਂ ਜੋ ਪ੍ਰੋਗਰਾਮ ਦੌਰਾਨ ਸਾਰੇ ਪ੍ਰਬੰਧ ਸੁਚਾਰੂ ਢੰਗ ਨਾਲ ਚੱਲ ਸਕਣ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪ੍ਰੋਗਰਾਮ ਨਾਲ ਜੁੜੀਆਂ ਸਾਰੀਆਂ ਤਿਆਰੀਆਂ 26 ਅਕਤੂਬਰ ਤੱਕ ਮੁਕੰਮਲ ਕਰ ਲਈਆਂ ਜਾਣ। ਮਤਲੌਡਾ ਅਨਾਜ ਮੰਡੀ ਅਤੇ ਥਿਰਾਣਾ ਖੇਤਰ ਵਿੱਚ ਹੈਲੀਪੈਡ ਲਈ ਥਾਵਾਂ ਨੂੰ ਅੰਤਿਮ ਰੂਪ ਦੇਣ ਦੇ ਨਾਲ-ਨਾਲ ਉੱਥੇ ਸਫ਼ਾਈ, ਸੁਰੱਖਿਆ ਅਤੇ ਹੋਰ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਜਾਣ। ਪ੍ਰੋਗਰਾਮ ਵਾਲੀ ਥਾਂ ਅਤੇ ਹੈਲੀਪੈਡ ਦੇ ਆਲੇ-ਦੁਆਲੇ ਬੈਰੀਕੇਡਿੰਗ ਕੀਤੀ ਜਾਵੇ ਅਤੇ ਸੁਰੱਖਿਆ ਦੇ ਮੱਦੇਨਜ਼ਰ ਸਾਰੇ ਜ਼ਰੂਰੀ ਕਦਮ ਚੁੱਕੇ ਜਾਣ।

ਡਿਪਟੀ ਕਮਿਸ਼ਨਰ ਨੇ ਸਬੰਧਤ ਵਿਭਾਗਾਂ ਨੂੰ ਪਾਰਕਿੰਗ ਦੇ ਢੁਕਵੇਂ ਪ੍ਰਬੰਧ ਕਰਨ, ਆਵਾਜਾਈ ਨੂੰ ਸੁਚਾਰੂ ਬਣਾਈ ਰੱਖਣ ਲਈ ਟ੍ਰੈਫਿਕ ਐਡਵਾਈਜ਼ਰੀ ਜਾਰੀ ਕਰਨ ਅਤੇ ਵੱਖ-ਵੱਖ ਥਾਵਾਂ 'ਤੇ ਦਿਸ਼ਾ-ਸੂਚਕ ਬੋਰਡ ਲਗਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਪ੍ਰੋਗਰਾਮ ਦੌਰਾਨ ਆਮ ਲੋਕਾਂ ਅਤੇ ਆਉਣ ਵਾਲੇ ਮਹਿਮਾਨਾਂ ਨੂੰ ਕਿਸੇ ਕਿਸਮ ਦੀ



ਦਿੱਕਤ ਨਹੀਂ ਆਉਣੀ ਚਾਹੀਦੀ ਅਤੇ ਆਵਾਜਾਈ ਨਿਰਵਿਘਨ ਬਣਾਈ ਰੱਖੀ ਜਾਵੇ। ਉਨ੍ਹਾਂ ਪਬਲਿਕ ਹੈਲਥ ਵਿਭਾਗ ਨੂੰ ਹਦਾਇਤ ਕੀਤੀ ਕਿ ਮਤਲੌਡਾ ਅਨਾਜ ਮੰਡੀ ਵਿੱਚ ਦੋ ਅਤੇ ਥਿਰਾਣਾ ਵਿੱਚ ਚਾਰ ਮੋਬਾਈਲ ਪਖਾਨਿਆਂ ਦਾ ਪ੍ਰਬੰਧ ਕੀਤਾ ਜਾਵੇ। ਇਸ ਦੇ ਨਾਲ ਹੀ ਪ੍ਰੋਗਰਾਮ ਵਾਲੀ ਥਾਂ 'ਤੇ ਸਾਫ਼ ਪੀਣ ਵਾਲੇ ਪਾਣੀ ਦੀ ਲੋੜੀਂਦੀ ਉਪਲਬਧਤਾ ਯਕੀਨੀ ਬਣਾਈ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਅਵਾਰਾ ਪਸ਼ੂਆਂ ਦੀ ਆਵਾਜਾਈ 'ਤੇ ਕਾਬੂ ਪਾਉਣ, ਆਲੇ-ਦੁਆਲੇ ਦੇ ਖੇਤਰ ਵਿੱਚ ਨਾਜਾਇਜ਼ ਕਬਜ਼ੇ ਹੋਣ ਦੀ ਸੂਰਤ ਵਿੱਚ ਉਨ੍ਹਾਂ ਨੂੰ ਹਟਾਉਣ ਅਤੇ ਸਫ਼ਾਈ ਦੇ ਵਿਸ਼ੇਸ਼ ਪ੍ਰਬੰਧ ਕਰਨ ਦੇ ਨਿਰਦੇਸ਼ ਵੀ ਦਿੱਤੇ। ਡਿਪਟੀ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਪ੍ਰੋਗਰਾਮ ਖੇਤਰ ਦੇ ਆਲੇ-ਦੁਆਲੇ ਸਥਿਤ ਫੈਕਟਰੀਆਂ ਨੂੰ ਨਿਰਧਾਰਤ ਪ੍ਰੋਗਰਾਮ ਅਤੇ ਪ੍ਰਸ਼ਾਸਨਿਕ ਹਦਾਇਤਾਂ ਅਨੁਸਾਰ ਲੋੜੀਂਦੇ ਪ੍ਰਬੰਧ ਕਰਨ ਲਈ ਸੂਚਿਤ ਕੀਤਾ ਜਾਵੇ, ਤਾਂ ਜੋ ਸਮਾਗਮ ਦੌਰਾਨ ਕਿਸੇ ਕਿਸਮ ਦੀ ਰੁਕਾਵਟ ਪੈਦਾ ਨਾ ਹੋਵੇ। ਉਨ੍ਹਾਂ ਨੇ ਬਿਜਲੀ ਦੀ ਨਿਰਵਿਘਨ ਸਪਲਾਈ ਅਤੇ ਪ੍ਰੋਗਰਾਮ ਵਾਲੀ ਥਾਂ 'ਤੇ ਵਾਈ-ਫਾਈ ਦੀ ਸਹੂਲਤ ਉਪਲਬਧ ਕਰਵਾਉਣ ਲਈ ਵੀ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ। ਸਿਹਤ ਵਿਭਾਗ ਨੂੰ ਪ੍ਰੋਗਰਾਮ ਦੌਰਾਨ ਐਂਬੂਲੈਂਸ ਅਤੇ ਲੋੜੀਂਦੀਆਂ ਡਾਕਟਰੀ ਸਹੂਲਤਾਂ ਤਿਆਰ ਰੱਖਣ ਲਈ ਕਿਹਾ ਗਿਆ। ਫਾਇਰ ਬ੍ਰਿਗੇਡ ਵਿਭਾਗ ਨੂੰ ਅੱਗ ਬੁਝਾਊ ਗੱਡੀਆਂ ਅਤੇ ਲੋੜੀਂਦੇ ਉਪਕਰਨ ਤਿਆਰ ਰੱਖਣ ਦੀ ਹਦਾਇਤ ਕੀਤੀ ਗਈ। ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਵੀ ਐਮਰਜੈਂਸੀ ਨਾਲ ਨਜਿੱਠਣ ਲਈ ਸਾਰੇ ਸਬੰਧਤ ਵਿਭਾਗ ਪਹਿਲਾਂ ਤੋਂ ਤਿਆਰ ਰਹਿਣ ਅਤੇ ਆਪਣੀ ਡਿਊਟੀ ਵਿੱਚ ਕਿਸੇ ਕਿਸਮ ਦੀ ਲਾਪਰਵਾਹੀ ਨਾ ਵਰਤਣ। ਪ੍ਰਬੰਧਾਂ ਦੀ ਨਿਗਰਾਨੀ ਅਤੇ ਵਿਭਾਗਾਂ ਵਿਚਕਾਰ ਤਾਲਮੇਲ ਯਕੀਨੀ ਬਣਾਉਣ ਲਈ ਵਧੀਕ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਇੱਕ ਕਮੇਟੀ ਦਾ ਗਠਨ ਵੀ ਕੀਤਾ ਗਿਆ ਹੈ। ਪ੍ਰੋਗਰਾਮ ਦੇ ਮੱਦੇਨਜ਼ਰ ਸਬੰਧਤ ਅਧਿਕਾਰੀਆਂ ਦੀਆਂ ਡਿਊਟੀਆਂ ਵੀ ਨਿਰਧਾਰਤ ਕੀਤੀਆਂ ਗਈਆਂ ਹਨ, ਤਾਂ ਜੋ ਹਰੇਕ ਕੰਮ ਦੀ ਜ਼ਿੰਮੇਵਾਰੀ ਤੈਅ ਰਹੇ ਅਤੇ ਸਾਰੇ ਪ੍ਰਬੰਧ ਸਮੇਂ ਸਿਰ ਪੂਰੇ ਕੀਤੇ ਜਾ ਸਕਣ। ਡਿਪਟੀ ਕਮਿਸ਼ਨਰ ਡਾ. ਹਰੀਸ਼ ਕੁਮਾਰ ਵਸ਼ਿਸ਼ਠ ਨੇ ਕਿਹਾ ਕਿ ਰਾਸ਼ਟਰਪਤੀ ਦਾ ਪ੍ਰਸਤਾਵਿਤ ਦੌਰਾ ਜ਼ਿਲ੍ਹੇ ਲਈ ਇੱਕ ਮਹੱਤਵਪੂਰਨ ਮੌਕਾ ਹੈ। ਇਸ ਲਈ ਪ੍ਰਸ਼ਾਸਨ ਦੀ ਪਹਿਲ ਹੈ ਕਿ ਪ੍ਰੋਗਰਾਮ ਨਾਲ ਸਬੰਧਤ ਹਰ ਪ੍ਰਬੰਧ ਸੁਰੱਖਿਅਤ, ਸੁਚੱਜਾ ਅਤੇ ਸਮੇਂ ਸਿਰ ਮੁਕੰਮਲ ਹੋਵੇ। ਉਨ੍ਹਾਂ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਗੰਭੀਰਤਾ ਨਾਲ ਨਿਭਾਉਣ ਅਤੇ ਸੁਰੱਖਿਆ, ਆਵਾਜਾਈ, ਸਫ਼ਾਈ, ਪੀਣ ਵਾਲੇ ਪਾਣੀ, ਬਿਜਲੀ, ਡਾਕਟਰੀ ਸਹਾਇਤਾ ਅਤੇ ਅੱਗ ਬੁਝਾਊ ਪ੍ਰਬੰਧਾਂ ਵਿੱਚ ਕੋਈ ਕਮੀ ਨਾ ਰਹਿਣ ਦੇਣ ਦੀ ਹਦਾਇਤ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਆਪਣੇ-ਆਪਣੇ ਵਿਭਾਗਾਂ ਨਾਲ ਸਬੰਧਤ ਕੰਮਾਂ ਦੀ ਨਿਯਮਿਤ ਸਮੀਖਿਆ ਕਰਨ ਅਤੇ ਨਿਰਧਾਰਤ ਸਮਾਂ-ਸੀਮਾ ਅੰਦਰ ਸਾਰੀਆਂ ਤਿਆਰੀਆਂ ਮੁਕੰਮਲ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਵਿਭਾਗਾਂ ਵਿਚਕਾਰ ਬਿਹਤਰ ਤਾਲਮੇਲ ਅਤੇ ਪ੍ਰਭਾਵਸ਼ਾਲੀ ਨਿਗਰਾਨੀ ਨਾਲ ਹੀ ਪ੍ਰੋਗਰਾਮ ਦੇ ਪ੍ਰਬੰਧਾਂ ਨੂੰ ਸੁਚਾਰੂ ਬਣਾਇਆ ਜਾ ਸਕਦਾ ਹੈ। ਪ੍ਰਸ਼ਾਸਨ ਦਾ ਯਤਨ ਹੈ ਕਿ ਰਾਸ਼ਟਰਪਤੀ ਦੇ ਪ੍ਰਸਤਾਵਿਤ ਆਗਮਨ ਦੌਰਾਨ ਸਾਰੇ ਪ੍ਰਬੰਧ ਪੂਰੀ ਤਰ੍ਹਾਂ ਦਰੁਸਤ ਰਹਿਣ ਅਤੇ ਕਿਸੇ ਵੀ ਪੱਧਰ 'ਤੇ ਲਾਪਰਵਾਹੀ ਦੀ ਗੁੰਜਾਇਸ਼ ਨਾ ਰਹੇ।

ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਅੰਕਿਤ ਚੌਕਸੇ, ਐੱਸ.ਡੀ.ਐੱਮ. ਮਨਦੀਪ ਕੁਮਾਰ, ਐੱਸ.ਡੀ.ਐੱਮ. ਸਮਾਲਖਾ ਅਮਿਤ ਕੁਮਾਰ, ਐੱਸ.ਡੀ.ਐੱਮ. ਇਸਰਾਣਾ ਨਵਦੀਪ ਨੈਨ, ਜ਼ਿਲ੍ਹਾ ਪ੍ਰੀਸ਼ਦ ਦੀ ਸੀ.ਈ.ਓ. ਡਾ. ਕਿਰਨ ਸਿੰਘ, ਨਗਰਾਧੀਸ਼ ਟੀਨੂ ਪੋਸਵਾਲ, ਜੇਲ੍ਹ ਸੁਪਰਡੈਂਟ ਸੰਜੀਵ ਕੁਮਾਰ, ਈ.ਓ. ਪ੍ਰਤੀਕ ਹੁੱਡਾ, ਡੀ.ਆਈ.ਪੀ.ਆਰ.ਓ. ਡਾ. ਸੁਨੀਲ ਬਸਤਾਡਾ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

ਗੁਰਦੁਆਰਾ ਸੰਤ ਭਵਨ ਇਸਰਾਨਾ ਸਾਹਿਬ ਵਿਖੇ ਅਧਿਆਤਮਿਕ ਸ਼ਾਂਤੀ ਅਤੇ ਸ਼ਰਧਾ ਵਿਚਕਾਰ ਪਹੁੰਚੇ ਡਿਪਟੀ ਕਮਿਸ਼ਨਰ ਡਾ. ਹਰੀਸ਼ ਕੁਮਾਰ ਵਸ਼ਿਸ਼ਠ

ਪਾਣੀਪਤ
ਨਿਰਮਲ ਸਿੰਘ ਵਿਰਕ

ਗੁਰਦੁਆਰਾ ਸੰਤ ਭਵਨ ਇਸਰਾਨਾ ਸਾਹਿਬ ਵਿਖੇ ਕਰਵਾਏ ਜਾ ਰਹੇ ਸਾਲਾਨਾ ਸਮਾਗਮ ਦੌਰਾਨ ਬੁੱਧਵਾਰ ਨੂੰ ਸ਼ਰਧਾ, ਭਗਤੀ ਅਤੇ ਉਤਸ਼ਾਹ ਦਾ ਮਾਹੌਲ ਦੇਖਣ ਨੂੰ ਮਿਲਿਆ। ਗੁਰਦੁਆਰਾ ਸਾਹਿਬ ਦਾ ਸਮੁੱਚਾ ਪ੍ਰੰਗਣ ਗੁਰਬਾਣੀ ਅਤੇ ਸ਼ਬਦ ਕੀਰਤਨ ਨਾਲ ਗੂੰਜ ਉੱਠਿਆ।

ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਰੀਸ਼ ਕੁਮਾਰ ਵਸ਼ਿਸ਼ਠ ਨੇ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਮੱਥਾ ਟੇਕਿਆ ਅਤੇ ਸੰਤਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੇ ਪ੍ਰੰਗਣ ਵਿੱਚ ਲਗਾਏ ਗਏ ਖੂਨਦਾਨ ਕੈਂਪ ਵਿੱਚ ਵੀ ਸ਼ਿਰਕਤ ਕੀਤੀ ਅਤੇ ਖੂਨਦਾਨੀਆਂ ਤੇ ਸੇਵਾਦਾਰਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਉਨ੍ਹਾਂ ਨੂੰ ਬੈਜ ਲਗਾ ਕੇ ਸਨਮਾਨਿਤ ਕੀਤਾ।

ਡਿਪਟੀ ਕਮਿਸ਼ਨਰ ਡਾ. ਹਰੀਸ਼ ਕੁਮਾਰ ਵਸ਼ਿਸ਼ਠ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਵਰਗੇ ਅਧਿਆਤਮਿਕ ਸਥਾਨਾਂ 'ਤੇ ਆਉਣ ਨਾਲ ਮਨ ਨੂੰ ਸ਼ਾਂਤੀ, ਸਕੂਨ ਅਤੇ ਸਕਾਰਾਤਮਕ ਊਰਜਾ ਮਿਲਦੀ ਹੈ। ਇੱਥੋਂ ਦਾ ਸ਼ਾਂਤ ਵਾਤਾਵਰਨ, ਗੁਰਬਾਣੀ ਦਾ ਸੰਦੇਸ਼ ਅਤੇ ਸੇਵਾ ਦੀ ਭਾਵਨਾ ਮਨੁੱਖ ਨੂੰ ਆਤਮਿਕ ਤੌਰ 'ਤੇ ਮਜ਼ਬੂਤ ਬਣਾਉਂਦੇ ਹਨ। ਅਜਿਹੇ



ਪਵਿੱਤਰ ਸਥਾਨਾਂ 'ਤੇ ਆ ਕੇ ਮਨ ਨੂੰ ਇੱਕ ਵੱਖਰੀ ਹੀ ਅਨੁਭੂਤੀ ਹੁੰਦੀ ਹੈ ਅਤੇ ਵਾਰ-ਵਾਰ ਇੱਥੇ ਆਉਣ ਦੀ ਇੱਛਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਅਧਿਆਤਮਿਕ ਸਥਾਨ ਸਮਾਜ ਵਿੱਚ ਪ੍ਰੇਮ, ਸਦਭਾਵਨਾ, ਭਾਈਚਾਰੇ ਅਤੇ ਮਨੁੱਖਤਾ ਦੀ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਗੁਰਦੁਆਰਾ ਸਾਹਿਬ ਦੇ ਮੁਖੀ ਸੰਤ ਰਾਜਿੰਦਰ ਸਿੰਘ ਨਾਲ ਵੀ ਮੁਲਾਕਾਤ ਕੀਤੀ ਅਤੇ ਗੁਰਦੁਆਰਾ ਸਾਹਿਬ ਵੱਲੋਂ ਚਲਾਏ ਜਾ ਰਹੇ ਪ੍ਰੋਗਰਾਮਾਂ ਅਤੇ ਸਮਾਜਿਕ ਤੇ ਧਾਰਮਿਕ ਗਤੀਵਿਧੀਆਂ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੇ ਸਾਲਾਨਾ ਸਮਾਗਮ ਵਿੱਚ ਸ਼ਾਮਲ ਸੰਗਤ ਦੀ ਸ਼ਰਧਾ ਅਤੇ ਉਤਸ਼ਾਹ ਦੀ ਸ਼ਲਾਘਾ ਕੀਤੀ।

ਡਿਪਟੀ ਕਮਿਸ਼ਨਰ ਨੇ ਗੁਰਦੁਆਰਾ ਸਾਹਿਬ ਦੇ ਸਾਹਮਣੇ ਤੋਂ ਲੰਘਦੇ ਰਸਤੇ ਦੀ ਸਫ਼ਾਈ ਸਬੰਧੀ ਵੀ ਫ਼ੋਨ ਰਾਹੀਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਫ਼ਾਈ ਪ੍ਰਬੰਧਾਂ ਨੂੰ ਜਲਦੀ ਤੋਂ ਜਲਦੀ ਠੀਕ ਕੀਤਾ ਜਾਵੇ, ਤਾਂ ਜੋ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ।


ਇਸ ਮੌਕੇ ਸੰਤ ਰਾਜਿੰਦਰ ਸਿੰਘ, ਸਰਦਾਰ ਦੇਵੇਂਦਰ ਸਿੰਘ, ਸਰਦਾਰ ਕੁਲਵੰਤ ਸਿੰਘ, ਸਰਦਾਰ ਕਮਲਜੀਤ ਸਿੰਘ ਸਮੇਤ ਵੱਖ-ਵੱਖ ਗੁਰਦੁਆਰਾ ਸਾਹਿਬਾਨ ਤੋਂ ਪਹੁੰਚੀ ਸੰਗਤ ਮੌਜੂਦ ਰਹੀ।

ਜ਼ਿਲ੍ਹਾ ਅਤੇ ਸੈਸ਼ਨ ਜੱਜ ਵੱਲੋਂ ਜ਼ਿਲ੍ਹਾ ਜੇਲ੍ਹ ਦਾ ਅਚਨਚੇਤ ਨਿਰੀਖਣ ਜੇਲ੍ਹ ਦੀਆਂ ਬੈਰਕਾਂ, ਮੈਡੀਕਲ ਵਾਰਡ ਅਤੇ ਰਸੋਈ ਪ੍ਰਬੰਧਾਂ ਦਾ ਲਿਆ ਜਾਇਜ਼ਾ

ਪਾਣੀਪਤ
ਨਿਰਮਲ ਸਿੰਘ ਵਿਰਕ

ਹਰਿਆਣਾ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਪੰਚਕੂਲਾ ਦੇ ਤਹਿਤ ਜ਼ਿਲ੍ਹਾ ਅਤੇ ਸੈਸ਼ਨ ਜੱਜ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਚੇਅਰਪਰਸਨ ਸ੍ਰੀਮਤੀ ਵਾਣੀ ਗੋਪਾਲ ਸ਼ਰਮਾ ਅਤੇ ਮੁੱਖ ਨਿਆਂਇਕ ਮੈਜਿਸਟ੍ਰੇਟ ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਾਣੀਪਤ ਦੀ ਸਕੱਤਰ ਸ੍ਰੀਮਤੀ ਵਰਸ਼ਾ ਸ਼ਰਮਾ ਨੇ ਜ਼ਿਲ੍ਹਾ ਜੇਲ੍ਹ, ਪਾਣੀਪਤ ਦਾ ਅਚਨਚੇਤ ਨਿਰੀਖਣ ਕੀਤਾ। ਨਿਰੀਖਣ ਦੌਰਾਨ ਜ਼ਿਲ੍ਹਾ ਅਤੇ ਸੈਸ਼ਨ ਜੱਜ ਅਤੇ ਮੁੱਖ ਨਿਆਂਇਕ ਮੈਜਿਸਟ੍ਰੇਟ ਨੇ ਜੇਲ੍ਹ ਦੇ ਬਲਾਕ ਨੰਬਰ 1, ਬਲਾਕ ਨੰਬਰ 3 ਅਤੇ ਮੈਡੀਕਲ ਵਾਰਡ, ਹਸਪਤਾਲ ਦਾ ਦੌਰਾ ਕੀਤਾ। ਇਸ ਦੌਰਾਨ ਬੈਰਕਾਂ ਦੀ ਸਥਿਤੀ, ਸਾਫ਼-ਸਫ਼ਾਈ, ਸਵੱਛਤਾ ਅਤੇ ਵਾਰਡਾਂ ਦੇ ਸਮੁੱਚੇ ਰੱਖ-ਰਖਾਅ ਦਾ ਜਾਇਜ਼ਾ ਲਿਆ ਗਿਆ। ਅਧਿਕਾਰੀਆਂ ਨੇ ਕੈਦੀਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਸ਼ਿਕਾਇਤਾਂ ਅਤੇ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ। ਕੈਦੀਆਂ ਦੀਆਂ ਸ਼ਿਕਾਇਤਾਂ ਦਾ ਸਮੇਂ ਸਿਰ ਨਿਪਟਾਰਾ ਕਰਨ ਅਤੇ ਉਨ੍ਹਾਂ ਦੀ ਭਲਾਈ ਲਈ ਲਾਗੂ ਉਪਾਵਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਸਬੰਧੀ ਜੇਲ੍ਹ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਦਿੱਤੇ ਗਏ।

ਇਸ ਦੌਰਾਨ ਕੈਦੀਆਂ ਨੂੰ ਦਿੱਤੇ ਜਾਣ ਵਾਲੇ ਭੋਜਨ ਦੀ ਗੁਣਵੱਤਾ ਅਤੇ ਮਾਤਰਾ, ਰਸੋਈ ਦੀ ਸਾਫ਼-ਸਫ਼ਾਈ ਅਤੇ ਖਾਣਾ ਤਿਆਰ ਕਰਨ ਤੇ ਵੰਡਣ ਸਮੇਂ ਸਵੱਛਤਾ ਦੇ ਮਾਪਦੰਡਾਂ ਦੀ ਜਾਂਚ ਕੀਤੀ ਗਈ। ਅਧਿਕਾਰੀਆਂ ਨੇ ਸਫ਼ਾਈ ਦੇ ਉਚਿਤ ਪ੍ਰਬੰਧ ਬਣਾਈ ਰੱਖਣ ਅਤੇ ਸਾਰੇ ਕੈਦੀਆਂ ਨੂੰ ਪੌਸ਼ਟਿਕ, ਸਾਫ਼-ਸੁਥਰਾ ਤੇ ਗੁਣਵੱਤਾਪੂਰਨ ਭੋਜਨ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ। ਇਹ ਅਚਨਚੇਤ ਨਿਰੀਖਣ ਜ਼ਿਲ੍ਹਾ ਜੇਲ੍ਹ ਵਿੱਚ ਕੈਦੀਆਂ ਦੀ ਭਲਾਈ ਅਤੇ ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ, ਜੇਲ੍ਹ ਦੇ ਬੁਨਿਆਦੀ ਢਾਂਚੇ ਦੀ ਸਹੀ ਦੇਖਭਾਲ, ਲੋੜੀਂਦੀਆਂ ਸਿਹਤ ਸਹੂਲਤਾਂ ਅਤੇ ਮੁੱਢਲੀਆਂ ਸਹੂਲਤਾਂ ਦੀ ਉਪਲਬਧਤਾ, ਪ੍ਰਭਾਵਸ਼ਾਲੀ ਸੁਰੱਖਿਆ ਪ੍ਰਬੰਧਾਂ ਅਤੇ ਕੈਦੀਆਂ ਲਈ ਮੁਫ਼ਤ ਕਾਨੂੰਨੀ ਸਹਾਇਤਾ ਸੇਵਾਵਾਂ ਦੀ ਸਹੂਲਤ ਯਕੀਨੀ ਬਣਾਉਣ ਦੇ ਉਦੇਸ਼ ਨਾਲ ਕੀਤਾ ਗਿਆ।



ਗੁਰਦੁਆਰਾ ਸਾਹਿਬ San Jose

ਵੱਲੋਂ ਅਕਤੂਬਰ ਮਹੀਨੇ ਵਿੱਚ ਸੰਗਤਾਂ ਲਈ
ਵਿਸ਼ੇਸ਼ ਧਾਰਮਿਕ, ਗੁਰਮਤਿ ਅਤੇ ਯਾਦਗਾਰੀ ਸਮਾਗਮਾਂ ਦੀ ਲੜੀ ਕਰਵਾਈ ਜਾ ਰਹੀ ਹੈ।

4 ਅਕਤੂਬਰ 2026

Home Mortgage Seminar

Empowering New Immigrants & First-Time Home Buyers ਲਈ ਵਿਸ਼ੇਸ਼ ਸਮਾਗਮ 1:00 PM – 2:30 PM
ਇੱਥੇ ਪਹਿਲੀ ਵਾਰ ਘਰ ਖਰੀਦਣ, Credit, Down Payment, Loans ਅਤੇ ਹੋਰ ਵੀ ਬਹੁਤ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਜਾਵੇਗੀ।

Location - Conference Room, Committee Office ਦੇ ਨੇੜੇ

12 – 18 ਅਕਤੂਬਰ 2026

Blissful Living – In 7 Days

ਗੁਰਮਤਿ ਵਿਚਾਰ | ਨਾਮ ਸਿਮਰਨ | ਧਿਆਨ | ਕਸਰਤ | ਪਰਿਵਾਰਕ ਰਿਸ਼ਤੇ
* ਗੁੱਸਾ ਅਤੇ ਤਣਾਅ ਸੰਭਾਲਣਾ ਤੇ ਕਈ ਹੋਰ ਮਹੱਤਵਪੂਰਨ ਵਿਸ਼ਿਆਂ ਬਾਰੇ ਵਿਚਾਰ ਕੀਤਾ ਜਾਵੇਗਾ।

ਸ਼ਾਮ 6:00 PM – 8:00 PM

17 ਅਕਤੂਬਰ 2026

ਕੱਤਕ ਦੀ ਸੰਗਰਾਂਦ

23 ਅਕਤੂਬਰ 2026

ਧੰਨ ਧੰਨ ਬਾਬਾ ਬੁੱਢਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ
ਵਿਸ਼ੇਸ਼ ਸਮਾਗਮ
ਸਵੇਰ ਦਾ ਦੀਵਾਨ — 10:45 AM ਤੱਕ
ਸ਼ਾਮ ਦਾ ਦੀਵਾਨ — 8:45 PM ਤੱਕ

27 ਅਕਤੂਬਰ 2026

ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ
ਵਿਸ਼ੇਸ਼ ਸਮਾਗਮ ਕਰਵਾਇਆ ਜਾ ਰਿਹਾ |

ਇਨ੍ਹਾਂ ਸਾਰੇ ਵਿਸ਼ੇਸ਼ ਸਮਾਗਮਾਂ ਵਿੱਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

Address : 3636 Gurdwara Ave, San Jose, CA, 95148
www.sanjosegurdwara.com | (408) 274-9373

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

WATCH LIVE NAGAR KIRTAN

October 30 & 31 | November 1, 2026

FULL LIVE COVERAGE

PTC PUNJABI

SIKH TEMPLE, GURDWARA YUBA CITY, CA

MANNAT PRODUCTION

ਸਾਂਝੀ ਸੋਚ HD
ਧੜਕਣ ਹਰ ਦਿਲ ਦੀ


SANJHA PUNJAB USA
PROUDLY PRESENTS
ASSOCIATE WITH
Jeeway Punjab Entertainment
and Atul Kapoor
SUFI SHAM
WITH
HANS RAJ HANS
FRIDAY
NOV 6
7.30 PM
Venue
Royal Event Hall
7323 Home Leisure Plaza
Sacramento CA 95823
SACRAMENTO-CA
VVIP TABLE
1st Row Tables
Premium Experience Includes:
Front Row Seating
Drinks
Appetizers
Sweet Dish
Dinner
Picture with the Artist
Your Name Displayed on the Stage Back Screen
VIP TABLE
2nd & 3rd Row Tables:
Special Experience Includes:
Drinks
Appetizers
Sweet Dish
Dinner
Picture with the Artist
Your Name Displayed on the Stage Back Screen
GENERAL TABLE
Includes:
Food
Drinks
Limited Tables Available – Book Your Table Now!
Jassi Banga 916-796-5003
Teja Virak 916-912-5678
Sonu Chatha 916-716-7331
Atul Kapoor 209-670-5384
Balwinder Bajwa 516-852-2222
Jassi Katron : 916-937-7785
Surinder Mahey : 408-620-2470

ਤਾਈਵਾਨ ਨੇ 20 ਸ਼ਹਿਰਾਂ ਅਤੇ ਕਾਉਂਟੀਆਂ ਵਿੱਚ ਸਕੂਲ ਅਤੇ ਦਫ਼ਤਰ ਬੰਦ: ਸੈਂਕੜੇ ਉਡਾਣਾਂ ਰੱਦ

ਤਾਈਵਾਨ
ਸਾਂਝੀ ਸੋਚ ਬਿਊਰੋ

ਤਾਈਵਾਨ 'ਚੈਂਪੀ' ਨਾਮਕ ਤੂਫਾਨ ਦੇ ਟਾਕਰੇ ਲਈ ਤਿਆਰੀ ਕਰ ਰਿਹਾ ਹੈ। ਜਿਵੇਂ-ਜਿਵੇਂ ਇਹ ਤੂਫਾਨ ਟਾਪੂ ਦੇ ਨੇੜੇ ਆ ਰਿਹਾ ਹੈ, ਅਧਿਕਾਰੀਆਂ ਨੇ 20 ਸ਼ਹਿਰਾਂ ਅਤੇ ਕਾਉਂਟੀਆਂ ਵਿੱਚ ਸਕੂਲ ਅਤੇ ਦਫ਼ਤਰ ਬੰਦ ਕਰਨ ਦਾ ਐਲਾਨ ਕੀਤਾ ਹੈ। ਹਵਾ ਦੀ ਗਤੀ 170 ਕਿਲੋਮੀਟਰ ਪ੍ਰਤੀ ਘੰਟਾ ਤੱਕ ਪਹੁੰਚਣ ਦੀ ਸੰਭਾਵਨਾ ਹੈ। ਭਾਰੀ ਮੀਂਹ ਅਤੇ ਖ਼ਤਰਨਾਕ ਮੌਸਮੀ ਹਾਲਾਤਾਂ ਦੇ ਮੱਦੇਨਜ਼ਰ ਇਹਤਿਆਤੀ ਕਦਮ ਚੁੱਕੇ ਗਏ ਹਨ, ਅਤੇ ਤਾਈਵਾਨ ਦੇ ਨਾਲ-ਨਾਲ ਗੁਆਂਢੀ ਦੇਸ਼ ਜਾਪਾਨ ਵਿੱਚ ਵੀ ਸੈਂਕੜੇ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ। ਸਥਾਨਕ ਪ੍ਰਸ਼ਾਸਨ ਨੇ ਐਲਾਨ ਕੀਤਾ ਹੈ ਕਿ ਕੀਲੁੰਗ, ਗ੍ਰੇਟਰ ਤਾਈਪੇ ਅਤੇ ਤਾਓਯੁਆਨ ਸਮੇਤ ਕਈ ਖੇਤਰਾਂ ਵਿੱਚ ਸ਼ੁੱਕਰਵਾਰ ਨੂੰ ਸਕੂਲ ਅਤੇ ਦਫ਼ਤਰ ਬੰਦ ਰਹਿਣਗੇ। ਦੱਖਣੀ ਤਾਈਵਾਨ ਵਿੱਚ, ਯੁਨਲਿਨ, ਚਿਆਈ, ਤੈਨਾਨ, ਕਾਓਸ਼ਿਉਂਗ ਅਤੇ ਪਿੰਗਤੁੰਗ ਵਿੱਚ ਵੀ ਬੰਦ ਦਾ ਐਲਾਨ ਕੀਤਾ ਗਿਆ ਹੈ। ਪੂਰਬੀ ਤਾਈਵਾਨ ਅਤੇ ਨੇੜਲੇ ਟਾਪੂਆਂ - ਜਿਵੇਂ ਕਿ ਯਿਲਾਨ, ਹੁਆਲੀਅਨ, ਪੇਂਗਹੂ ਅਤੇ ਲਿਏਨਚਿਆਂਗ ਵਿੱਚ ਵੀ ਅਧਿਕਾਰੀਆਂ ਨੇ ਸਕੂਲਾਂ ਅਤੇ ਕੰਮਕਾਜ ਨੂੰ ਮੁਅੱਤਲ ਕਰ ਦਿੱਤਾ ਹੈ। ਤਾਈਵਾਨ ਦੇ ਕੇਂਦਰੀ ਮੌਸਮ ਪ੍ਰਸ਼ਾਸਨ ਨੇ ਵੀਰਵਾਰ, 22 ਅਕਤੂਬਰ ਨੂੰ ਸਵੇਰੇ 11:30 ਵਜੇ 'ਚੈਂਪੀ' ਤੂਫਾਨ ਲਈ ਚੇਤਾਵਨੀ ਜਾਰੀ ਕੀਤੀ, ਕਿਉਂਕਿ ਤੂਫਾਨ ਟਾਪੂ ਦੇ ਨੇੜੇ ਪਹੁੰਚ ਰਿਹਾ ਸੀ। ਮੌਸਮ ਵਿਭਾਗ ਅਨੁਸਾਰ,



ਇਸ ਤੂਫਾਨ ਦੇ ਸ਼ੁੱਕਰਵਾਰ ਸਵੇਰ ਤੋਂ ਸ਼ਾਮ ਦੇ ਵਿਚਕਾਰ ਤਾਈਵਾਨ ਦੇ ਸਭ ਤੋਂ ਨੇੜੇ ਪਹੁੰਚਣ ਦੀ ਸੰਭਾਵਨਾ ਹੈ। ਅਨੁਮਾਨ ਹੈ ਕਿ ਤੂਫਾਨ ਦਾ ਅਸਰ ਸ਼ਨੀਵਾਰ ਸ਼ਾਮ ਤੱਕ ਟਾਪੂ 'ਤੇ ਬਣਿਆ ਰਹੇਗਾ। ਕਈ ਇਲਾਕਿਆਂ ਵਿੱਚ ਭਾਰੀ ਮੀਂਹ ਪੈਣਾ ਸ਼ੁਰੂ ਹੋ ਗਿਆ ਹੈ। ਤਾਈਪੇ ਸ਼ਹਿਰ ਦੇ ਕੁਝ ਹਿੱਸਿਆਂ ਵਿੱਚ 24 ਘੰਟਿਆਂ ਦੇ ਅੰਦਰ 200 ਮਿਲੀਮੀਟਰ ਤੋਂ ਵੱਧ ਮੀਂਹ ਦਰਜ ਕੀਤਾ ਗਿਆ ਹੈ, ਜਿਸ ਨਾਲ ਹੜ੍ਹ ਆਉਣ ਅਤੇ ਮੌਸਮ ਨਾਲ ਜੁੜੇ ਹੋਰ ਖ਼ਤਰਿਆਂ ਬਾਰੇ ਚਿੰਤਾਵਾਂ ਵਧ ਗਈਆਂ ਹਨ। ਅਧਿਕਾਰੀਆਂ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਤੂਫਾਨ ਦੇ ਨੇੜੇ ਆਉਣ ਦੌਰਾਨ ਉਹ ਸਮੁੰਦਰੀ ਤੱਟਾਂ ਅਤੇ ਪਹਾੜੀ ਇਲਾਕਿਆਂ ਤੋਂ ਦੂਰ ਰਹਿਣ। ਤੂਫਾਨ ਦੇ ਆਉਣ ਤੋਂ ਪਹਿਲਾਂ ਹੀ ਤਾਈਵਾਨ ਵਿੱਚ 100 ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ। ਉਮੀਦ ਹੈ ਕਿ ਇਹ ਤੂਫਾਨ ਟਾਪੂ ਦੇ ਉੱਤਰ-ਪੂਰਬੀ ਤੱਟ ਦੇ ਨੇੜਿਓਂ ਲੰਘੇਗਾ ਅਤੇ ਫਿਰ ਹੌਲੀ-ਹੌਲੀ ਕਮਜ਼ੋਰ ਪੈ ਜਾਵੇਗਾ। ਯਾਤਰੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਆਪਣੀਆਂ ਉਡਾਣਾਂ ਦੀ ਸਥਿਤੀ ਦੀ ਜਾਂਚ ਕਰਨ ਅਤੇ ਉਡਾਣਾਂ ਦੇ ਰੱਦ ਹੋਣ ਜਾਂ ਸਮਾਂ-ਸਾਰਣੀ ਵਿੱਚ ਬਦਲਾਅ ਬਾਰੇ ਤਾਜ਼ਾ ਜਾਣਕਾਰੀ ਲਈ ਆਲ ਨਿਪੋਨ ਏਅਰਵੇਜ਼ (ਅੰਅ) ਨੇ ਐਲਾਨ ਕੀਤਾ ਹੈ ਕਿ ਓਕੀਨਾਵਾ ਪ੍ਰੀਫੈਕਚਰ ਦੇ ਮਿਆਕੋ ਹਵਾਈ ਅੱਡੇ ਅਤੇ ਇਸ਼ੀਗਾਕੀ ਹਵਾਈ ਅੱਡੇ ਤੋਂ ਰਵਾਨਾ ਹੋਣ ਵਾਲੀਆਂ ਅਤੇ ਉੱਥੇ ਪਹੁੰਚਣ ਵਾਲੀਆਂ ਸਾਰੀਆਂ ਉਡਾਣਾਂ ਸ਼ੁੱਕਰਵਾਰ ਨੂੰ ਪੂਰੇ ਦਿਨ ਲਈ ਰੱਦ ਰਹਿਣਗੀਆਂ। ਜਾਪਾਨ ਏਅਰਲਾਈਨਜ਼ ਨੇ ਵੀ ਉਡਾਣਾਂ ਰੱਦ ਕਰਨ ਦਾ ਐਲਾਨ ਕੀਤਾ ਹੈ, ਜਿਸ ਨਾਲ ਤਾਈਪੇ ਸੋਂਗਸ਼ਾਨ ਹਵਾਈ ਅੱਡੇ ਅਤੇ ਤਾਈਵਾਨ ਤਾਓਯੁਆਨ ਅੰਤਰਰਾਸ਼ਟਰੀ ਹਵਾਈ ਅੱਡੇ ਲਈ ਜਾਣ ਵਾਲੀਆਂ ਉਡਾਣਾਂ ਪ੍ਰਭਾਵਿਤ ਹੋਈਆਂ ਹਨ। ਇਨ੍ਹਾਂ ਉਡਾਣਾਂ ਦੇ ਰੱਦ ਹੋਣ ਕਾਰਨ ਜਾਪਾਨ ਅਤੇ ਤਾਈਵਾਨ ਵਿਚਕਾਰ ਸਫ਼ਰ ਕਰਨ ਵਾਲੇ ਹਜ਼ਾਰਾਂ ਯਾਤਰੀਆਂ ਦੇ ਨਾਲ-ਨਾਲ ਦੱਖਣੀ ਓਕੀਨਾਵਾ ਦੇ ਟਾਪੂਆਂ 'ਤੇ ਆਉਣ-ਜਾਣ ਵਾਲੇ ਯਾਤਰੀਆਂ ਦੀਆਂ ਯਾਤਰਾ ਯੋਜਨਾਵਾਂ ਵਿੱਚ ਵਿਘਨ ਪਿਆ ਹੈ।

ਵਿਦੇਸ਼ ਮੰਤਰੀ ਜੈਸ਼ੰਕਰ ਨੇ ਅਜ਼ਰਬਾਈਜਾਨ ਦੇ ਰਾਸ਼ਟਰਪਤੀ ਇਲਹਾਮ ਅਲੀਯੇਵ ਨਾਲ ਕੀਤੀ ਮੁਲਾਕਾਤ

ਬਾਕੂ
ਸਾਂਝੀ ਸੋਚ ਬਿਊਰੋ

ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਸ਼ੁੱਕਰਵਾਰ ਨੂੰ ਬਾਕੂ ਵਿੱਚ ਅਜ਼ਰਬਾਈਜਾਨ ਦੇ ਰਾਸ਼ਟਰਪਤੀ ਇਲਹਾਮ ਅਲੀਯੇਵ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਦੋਵਾਂ ਦੇਸ਼ਾਂ ਵਿਚਕਾਰ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਬਾਰੇ ਚਰਚਾ ਕੀਤੀ ਗਈ। ਮੁਲਾਕਾਤ ਦੌਰਾਨ, ਵਿਦੇਸ਼ ਮੰਤਰੀ ਜੈਸ਼ੰਕਰ ਨੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਰਾਸ਼ਟਰਪਤੀ ਅਲੀਯੇਵ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਵਿਦੇਸ਼ ਮੰਤਰੀ ਜੈਸ਼ੰਕਰ ਨੇ 'ਐਕਸ' 'ਤੇ ਪੋਸਟ ਕੀਤਾ, "ਅੱਜ ਸਵੇਰੇ ਬਾਕੂ ਵਿੱਚ ਅਜ਼ਰਬਾਈਜਾਨ ਦੇ ਰਾਸ਼ਟਰਪਤੀ ਇਲਹਾਮ ਅਲੀਯੇਵ ਨਾਲ ਮੁਲਾਕਾਤ ਕਰਕੇ ਖੁਸ਼ੀ ਹੋਈ। ਰਾਸ਼ਟਰਪਤੀ ਦ੍ਰੌਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਮੋਦੀ ਵੱਲੋਂ ਸ਼ੁਭਕਾਮਨਾਵਾਂ ਪਹੁੰਚਾਈਆਂ। ਸਾਡੇ ਦੋਵਾਂ ਦੇਸ਼ਾਂ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਨ ਬਾਰੇ ਚਰਚਾ ਕੀਤੀ। ਇਸ ਸਾਂਝੇ ਯਤਨ ਲਈ ਉਨ੍ਹਾਂ ਦੀਆਂ ਸਕਾਰਾਤਮਕ ਭਾਵਨਾਵਾਂ ਦੀ ਸ਼ਲਾਘਾ ਕਰਦਾ ਹਾਂ।" ਆਪਣੀ ਯਾਤਰਾ ਦੌਰਾਨ, ਵਿਦੇਸ਼ ਮੰਤਰੀ ਜੈਸ਼ੰਕਰ ਦੋਵਾਂ ਦੇਸ਼ਾਂ ਵਿਚਕਾਰ ਦੁਵੱਲੇ ਸਬੰਧਾਂ ਦੀ ਸਮੀਖਿਆ ਕਰਨ ਲਈ ਅਜ਼ਰਬਾਈਜਾਨ ਦੇ ਆਪਣੇ ਹਮਰੁਤਬਾ ਨਾਲ ਗੱਲਬਾਤ ਕਰਨਗੇ।

ਇਸ ਤੋਂ ਪਹਿਲਾਂ, ਅਜ਼ਰਬਾਈਜਾਨ ਵਿੱਚ ਭਾਰਤ ਦੇ ਰਾਜਦੂਤ ਅਭੈ ਕੁਮਾਰ ਨੇ 16 ਅਕਤੂਬਰ ਨੂੰ ਰਾਸ਼ਟਰਪਤੀ ਇਲਹਾਮ ਅਲੀਯੇਵ ਨੂੰ ਆਪਣੇ ਅਧਿਕਾਰ ਪੱਤਰ ਸੌਂਪੇ ਸਨ। ਮੁਲਾਕਾਤ ਦੌਰਾਨ, ਕੁਮਾਰ ਨੇ ਦੋਵਾਂ ਦੇਸ਼ਾਂ ਵਿਚਕਾਰ ਸਬੰਧਾਂ ਨੂੰ ਹੋਰ



ਮਜ਼ਬੂਤ ਕਰਨ ਲਈ ਕੰਮ ਕਰਨ ਦੀ ਆਪਣੀ ਵਚਨਬੱਧਤਾ ਪ੍ਰਗਟਾਈ। ਅਜ਼ਰਬਾਈਜਾਨ ਵਿੱਚ ਭਾਰਤੀ ਦੂਤਾਵਾਸ ਨੇ 'ਐਕਸ' 'ਤੇ ਦੱਸਿਆ, "ਮੁਲਾਕਾਤ ਦੌਰਾਨ, ਰਾਜਦੂਤ ਅਭੈ ਕੁਮਾਰ ਨੇ ਭਾਰਤ ਅਤੇ ਅਜ਼ਰਬਾਈਜਾਨ ਵਿਚਕਾਰ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਅਤੇ ਵਿਸਤਾਰ ਕਰਨ ਲਈ ਕੰਮ ਕਰਨ ਦੀ ਆਪਣੀ ਵਚਨਬੱਧਤਾ ਪ੍ਰਗਟਾਈ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਉਹ ਦੋਵਾਂ ਦੇਸ਼ਾਂ ਵਿਚਕਾਰ ਨੇੜਲੇ ਸਹਿਯੋਗ ਨੂੰ ਉਤਸ਼ਾਹਿਤ ਕਰਨ ਅਤੇ ਦੋਵਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਦੋਸਤੀ ਅਤੇ ਆਪਸੀ ਸਮਝ ਦੇ ਲੰਬੇ ਸਮੇਂ ਤੋਂ ਚੱਲੇ ਆ ਰਹੇ ਬੰਧਨਾਂ ਨੂੰ ਹੋਰ ਡੂੰਘਾ ਕਰਨ ਲਈ ਕੋਈ ਕਸਰ ਨਹੀਂ ਛੱਡਣਗੇ।" ਦੂਤਾਵਾਸ ਨੇ ਅੱਗੇ ਕਿਹਾ, "ਚਰਚਾ ਦੌਰਾਨ ਭਾਰਤ ਅਤੇ ਅਜ਼ਰਬਾਈਜਾਨ ਵਿਚਕਾਰ ਲੰਬੇ ਸਮੇਂ ਤੋਂ ਚੱਲੇ ਆ ਰਹੇ ਇਤਿਹਾਸਕ ਅਤੇ ਸੱਭਿਆਚਾਰਕ ਸਬੰਧਾਂ 'ਤੇ ਚਾਨਣਾ ਪਾਇਆ ਗਿਆ, ਜੋ ਹਜ਼ਾਰਾਂ ਸਾਲਾਂ ਤੋਂ ਵਿਕਸਤ ਹੋਏ ਹਨ ਅਤੇ ਅੱਜ ਵੀ ਦੋਵਾਂ ਦੇਸ਼ਾਂ ਵਿਚਕਾਰ ਸਮਕਾਲੀ ਦੁਵੱਲੇ ਸਬੰਧਾਂ ਲਈ ਇੱਕ ਮਜ਼ਬੂਤ ਆਧਾਰ ਪ੍ਰਦਾਨ ਕਰਦੇ ਹਨ।

ਦੋਵਾਂ ਧਿਰਾਂ ਨੇ ਇਨ੍ਹਾਂ ਪੁਰਾਣੇ ਸਬੰਧਾਂ ਦੀ ਮਹੱਤਤਾ ਨੂੰ ਸਵੀਕਾਰ ਕੀਤਾ ਅਤੇ ਆ ਅਜ਼ਰਬਾਈਜਾਨ ਵਿੱਚ ਭਾਰਤੀ ਦੂਤਾਵਾਸ ਦੁਆਰਾ ਜਾਰੀ ਇੱਕ ਬਿਆਨ ਅਨੁਸਾਰ, ਉਨ੍ਹਾਂ ਨੇ ਦੋਵਾਂ ਦੇਸ਼ਾਂ ਵਿਚਕਾਰ ਸਹਿਯੋਗ ਦੇ ਨਵੇਂ ਰਾਹ ਤਲਾਸ਼ਣ ਅਤੇ ਨੇੜਲੇ ਸਬੰਧਾਂ ਨੂੰ ਉਤਸ਼ਾਹਿਤ ਕਰਨ ਲਈ ਦੋਸਤੀ, ਇਤਿਹਾਸਕ ਸੰਬੰਧਾਂ ਅਤੇ ਆਪਸੀ ਸਦਭਾਵਨਾ ਦੀ ਮੌਜੂਦਾ ਨੀਂਹ ਨੂੰ ਹੋਰ ਮਜ਼ਬੂਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਪਿਛਲੇ ਹਫ਼ਤੇ, ਵਿਦੇਸ਼ ਮਾਮਲਿਆਂ ਬਾਰੇ ਕੇਂਦਰੀ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਅਜ਼ਰਬਾਈਜਾਨ ਦੇ ਅਧਿਕਾਰਤ ਦੌਰੇ 'ਤੇ ਸਨ, ਜਿੱਥੇ ਉਨ੍ਹਾਂ ਨੇ 'ਕਾਨਫਰੰਸ ਆਨ ਇੰਟਰਐਕਸ਼ਨ ਐਂਡ ਕੌਂਫੀਡੈਂਸ ਬਿਲਡਿੰਗ ਮੇਜ਼ਰਸ ਇਨ ਏਸ਼ੀਆ' ਦੇ ਸੱਤਵੇਂ ਸਿਖਰ ਸੰਮੇਲਨ ਵਿੱਚ ਹਿੱਸਾ ਲਿਆ। 1 ਸਤੰਬਰ ਨੂੰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਿਸ਼ਕੇਕ ਵਿੱਚ 'ਸ਼ੰਘਾਈ ਸਹਿਯੋਗ ਸੰਗਠਨ' ਸਿਖਰ ਸੰਮੇਲਨ ਦੌਰਾਨ ਅਜ਼ਰਬਾਈਜਾਨ ਦੇ ਰਾਸ਼ਟਰਪਤੀ ਇਲਹਾਮ ਅਲੀਯੇਵ ਨਾਲ ਮੁਲਾਕਾਤ ਕੀਤੀ।

ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ ਵੱਡੀ ਗਿਰਾਵਟ ਦਰਜ!

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਵਿੱਚ ਪੜ੍ਹਾਈ ਲਈ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਅਮਰੀਕੀ ਵਣਜ ਵਿਭਾਗ ਦੇ ਅੰਤਰਰਾਸ਼ਟਰੀ ਵਪਾਰ ਪ੍ਰਸ਼ਾਸਨ (ਆਈ.ਟੀ.ਏ.) ਦੇ ਅੰਕੜਿਆਂ ਅਨੁਸਾਰ ਇਸ ਸਾਲ ਅਗਸਤ ਮਹੀਨੇ ਵਿਚ 'ਐੱਫ' ਅਤੇ 'ਐੱਮ' ਸ਼੍ਰੇਣੀ ਦੇ ਵੀਜ਼ਿਆਂ 'ਤੇ ਅਮਰੀਕਾ ਪਹੁੰਚਣ ਵਾਲੇ ਭਾਰਤੀਆਂ ਦੀ ਗਿਣਤੀ ਵਿਚ ਪਿਛਲੇ ਸਾਲ ਦੇ ਮੁਕਾਬਲੇ 39 ਫੀਸਦੀ ਦੀ ਗਿਰਾਵਟ ਆਈ ਹੈ। ਸਾਲ 2020 ਦੀ ਕੋਰੋਨਾ ਮਹਾਮਾਰੀ ਤੋਂ ਬਾਅਦ ਅਗਸਤ ਮਹੀਨੇ ਵਿਚ ਅਮਰੀਕਾ ਪਹੁੰਚਣ ਵਾਲੇ ਭਾਰਤੀ ਵਿਦਿਆਰਥੀਆਂ ਦਾ ਇਹ ਸਭ ਤੋਂ ਹੇਠਲਾ ਪੱਧਰ ਹੈ।

ਇਸ ਸਾਲ ਅਗਸਤ ਵਿਚ 25,321 ਭਾਰਤੀ ਵਿਦਿਆਰਥੀ ਅਮਰੀਕਾ ਪਹੁੰਚੇ, ਜਦੋਂ ਕਿ ਪਿਛਲੇ ਸਾਲ ਅਗਸਤ ਵਿਚ ਇਹ ਗਿਣਤੀ 41,540 ਸੀ। ਇਹ ਅੰਕੜਾ ਅਗਸਤ 2023 ਦੇ 93,833 ਵਿਦਿਆਰਥੀਆਂ ਦੇ ਰਿਕਾਰਡ ਪੱਧਰ ਨਾਲੋਂ 73 ਫੀਸਦੀ ਘੱਟ ਹੈ। ਗਿਰਾਵਟ ਦੀ ਸ਼ੁਰੂਆਤ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੇ ਕਾਰਜਕਾਲ ਦੌਰਾਨ ਅਗਸਤ 2024 ਵਿਚ ਹੋਈ ਸੀ, ਜਦੋਂ ਆਮਦ 20.3 ਫੀਸਦੀ ਘੱਟ ਕੇ 74,825 ਰਹਿ ਗਈ ਸੀ।

ਹਾਲਾਂਕਿ, ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਵਿਚ ਇਸ ਵਿਚ ਹੋਰ ਤੇਜ਼ੀ ਆਈ, ਜਿੱਥੇ ਅਗਸਤ 2025 ਵਿਚ 44.5 ਫੀਸਦੀ ਅਤੇ ਇਸ ਸਾਲ ਅਗਸਤ 2026 ਵਿਚ 39 ਫੀਸਦੀ ਦੀ ਹੋਰ ਗਿਰਾਵਟ ਦਰਜ ਕੀਤੀ ਗਈ। ਜੂਨ ਤੋਂ ਸਤੰਬਰ ਦਰਮਿਆਨ ਕੁੱਲ 53,714 ਭਾਰਤੀ ਵਿਦਿਆਰਥੀ ਅਮਰੀਕਾ ਪਹੁੰਚੇ, ਜੋ ਕਿ 2025 ਦੇ ਮੁਕਾਬਲੇ 28.2 ਫੀਸਦੀ ਅਤੇ 2024 ਦੇ ਮੁਕਾਬਲੇ 59.7 ਫੀਸਦੀ ਘੱਟ ਹੈ। ਹਾਲਾਂਕਿ, ਸਤੰਬਰ ਮਹੀਨੇ ਵਿਚ 12,285 ਐਂਟਰੀਆਂ ਨਾਲ 5 ਫੀਸਦੀ ਦਾ ਮਾਮੂਲੀ ਸੁਧਾਰ ਦੇਖਣ ਨੂੰ ਮਿਲਿਆ।

ਇੱਕ ਰਿਪੋਰਟ ਅਨੁਸਾਰ ਭਾਰਤੀ ਬਿਨੈਕਾਰਾਂ ਲਈ ਐੱਫ-1 ਵੀਜ਼ਾ ਰੱਦ ਹੋਣ ਦੀ ਦਰ ਵਿੱਤੀ ਸਾਲ 2023 ਵਿਚ 36 ਫੀਸਦੀ ਸੀ, ਜੋ 2024 ਵਿਚ ਵਧ ਕੇ 53 ਫੀਸਦੀ ਅਤੇ 2025 ਵਿਚ 61 ਫੀਸਦੀ ਤੱਕ ਪਹੁੰਚ ਗਈ। ਭਾਰਤ ਦੇ ਵਿਦੇਸ਼ ਮੰਤਰਾਲੇ ਦੁਆਰਾ ਰਾਜ ਸਭਾ ਵਿਚ ਦਿੱਤੇ ਜਵਾਬ ਅਨੁਸਾਰ, ਜੂਨ-ਜੁਲਾਈ 2025 ਦੌਰਾਨ ਅਮਰੀਕਾ ਨੇ ਭਾਰਤੀ ਨਾਗਰਿਕਾਂ ਨੂੰ 12,776 ਐੱਫ-1 ਵੀਜ਼ੇ ਜਾਰੀ ਕੀਤੇ ਸਨ, ਜੋ ਪਿਛਲੇ ਸਾਲ ਦੀ ਇਸੇ ਮਿਆਦ (41,336) ਨਾਲੋਂ 69.1 ਫੀਸਦੀ ਘੱਟ ਸਨ।

ਵਿਦੇਸ਼ੀ ਪੜ੍ਹਾਈ ਦੇ ਮਾਹਰਾਂ ਅਨੁਸਾਰ ਅਮਰੀਕੀ ਵੀਜ਼ਾ ਨੀਤੀਆਂ ਵਿਚ ਅਨਿਸ਼ਚਿਤਤਾ ਅਤੇ ਵਧ ਰਹੇ ਖਰਚੇ ਇਸ ਗਿਰਾਵਟ ਦਾ ਮੁੱਖ ਕਾਰਨ ਹਨ।

ਅਮਰੀਕੀ ਵਿਦੇਸ਼ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਵੀਜ਼ਾ ਬਿਨੈਕਾਰਾਂ ਲਈ ਆਪਣੇ ਸੋਸ਼ਲ ਮੀਡੀਆ ਪ੍ਰੋਫਾਈਲ ਜਨਤਕ ਕਰਨਾ ਜ਼ਰੂਰੀ ਕਰ ਦਿੱਤਾ ਗਿਆ ਹੈ। ਅਮਰੀਕੀ ਹੋਮਲੈਂਡ ਸਕਿਓਰਿਟੀ ਵਿਭਾਗ (ਡੀ.ਐੱਚ.ਐੱਸ.) ਨੇ ਪੜ੍ਹਾਈ ਤੋਂ ਬਾਅਦ ਕੰਮ ਕਰਨ ਦੀ ਇਜਾਜ਼ਤ (ਓ.ਪੀ.ਟੀ.) ਲਈ ਵਿਦਿਅਕ ਅਦਾਰਿਆਂ 'ਤੇ ਪ੍ਰਤੀ ਵਿਦਿਆਰਥੀ 70,000 ਡਾਲਰ ਅਤੇ ਵਾਧੂ ਮਿਆਦ ਲਈ 30,000 ਡਾਲਰ ਫੀਸ ਲਗਾਉਣ ਦੀ ਤਜਵੀਜ਼ ਰੱਖੀ ਹੈ। ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਅਮਰੀਕਾ ਵਿਚ ਰਹਿਣ ਦੀ ਮਿਆਦ 4 ਸਾਲ ਤੱਕ ਸੀਮਤ ਕਰਨ ਵਾਲੇ ਨਿਯਮ 'ਤੇ ਮੈਸਾਚੂਸੇਟਸ ਦੀ ਸੰਘੀ ਅਦਾਲਤ ਨੇ ਰੋਕ ਲਗਾ ਦਿੱਤੀ ਹੈ, ਜਿਸ ਵਿਰੁੱਧ ਸਰਕਾਰ ਨੇ ਅਪੀਲ ਕੀਤੀ ਹੈ। ਵੀਜ਼ਾ ਸਟੈਂਪਿੰਗ ਲਈ ਅਪਾਇੰਟਮੈਂਟਾਂ ਨਾ ਮਿਲਣ ਅਤੇ ਡਾਲਰ ਦੇ ਮੁਕਾਬਲੇ ਰੁਪਏ ਦੇ ਉਤਾਰ-ਚੜ੍ਹਾਅ ਕਾਰਨ ਕਈ ਪਰਿਵਾਰ ਆਪਣੇ ਫੈਸਲਿਆਂ 'ਤੇ ਮੁੜ ਵਿਚਾਰ ਕਰ ਰਹੇ ਹਨ।

47TH ANNUAL MAHAN NAGAR KIRTAN

Dedicated to Guru Granth Sahib's Gurgaddi Divas



Waheguru Ji Ka Khalsa Shri Waheguru ji Ki Fateh

Dedicated to the Gurgaddi Divas of Juggo Jug Atal Dhan Dhan Sahib Sri Guru Granth Sahib Ji the sacred occasion of "Guru Maneyo Granth" is being celebrated with great devotion and enthusiasm with the support of the Sangat.

Sikh Temple Gurdwara Sahib Yuba City's 47th Annual Mahan Nagar Kirtan and Gurmati Samagam is going to be held on Sunday, November 1, 2026 with great devotion and enthusiasm with the support of the Sangat.

The series of Sri Akhand Path Sahib Ji started from September 4, 2026 which will end with Nagar Kirtan on November 1, 2026

Arriving Ragi Jathe and Preachers

Kirtani Jathe
- BHAI KAMALJIT SINGH JI, HAZURI RAGI, SRI DARBAR SAHIB
- BHAI MANINDER SINGH JI, SRINAGAR WALE

Kathavachak
- BHAI GURDEEP SINGH KAPURTHALA WALE

Dhadi
- BHAI SUKHWINDER SINGH ANMOL JI AND JATHA

Special Kirtan Event

Will be Held from
19TH October, 2026 (Monday)
from 6:00pm to 10:00pm Daily.

Apart from this, many other Raggi and Dhaadi and Kirtani groups will delight the Guru's followers with KIRTAN & katha thoughts.

CHILDREN'S SPECIAL KIRTAN DARBAR
On 10th October 2026 (SATURDAY) from 6:30pm to 9:30pm

SPECIAL DHADI DIWAN & MARTYRDOM DIWAS
On 24th October 2026 (SATURDAY) from 6:30 pm to 10:00 pm

RIAAN SABAI KIRTAN
On 31st October 2026 (SATURDAY) from 6 pm to 1:00 am in which famous Kirtanis will mesmerize the Discaples with thier hymes.

FIREWORKS
On 30st October 2026 (Friday) Display at 8:00 pm

BHAI MEHAL SINGH JI DA KAVISHARI JATHA
12 October, Monday to 17 October, Saturday Time: 8:00 PM to 9:30 PM
18 October, Sunday, Time: 12:00 PM to 1:30 PM

DASTAR COMPETITION
31st October, Saturday Time: 11:00 AM

AMRIT SANCHAR
On 31st October 2026 (SATURDAY) at 5:00 am

SEWA OF NISHAN SAHIB
On 31st October 2026 (SATURDAY) at 8:00 am

SEMINAR
31st October, Saturday Time: 2:00 PM to 4:00 PM

BHOG & KIRTAN CEREMONY
On 1st November 2026 (SUNDAY) at 7:30 Morning Sri Akhand Path Sahib ji Will be Worshipped after which The Kirtan Ceremony will begin

NAGAR KIRTAN
Will be held On 1st November 2026 (SUNDAY) under the Auspice of Shri Guru Granth Sahib ji starting at 9:00am and will end up at 4:00pm after reaching Gurudwara Sahib

REQUEST All Guru Nanak Naam Sangat are requested to leave all their work and attend Nagar Kirtan and Attain the Happiness of the Guru Ji

The route of Nagar Kirtan will be the Same as last year, Parking of Vehicles will be done only at the Designated place Free buses will be arranged from River Valley High School to Guru Ghar from 08:00 am to 06:30 pm Special Arrangements have been made for security and the shop market will be held at the same Place a last year.

Requester: Gurudwara Sahib Management Committee Contact for More Information

Bhai Ranjit Singh Ji (Head Granthi Yuba City) (530) 673-9918, (530) 799-6989,
Chairman S: Dilbagh Singh Ji Bains (530) 682-9316, President: Sarabjit Singh ji Thiara (530) 682-5861,
Secretary: Tejinder Singh Ji Dosanjh (530) 751-6322, Treasurer: Harnek Singh (530) 682-8094

Serving Californians since 1999

Global Green®
INSURANCE AGENCY
Lic #oF34231

Mann Insurance Brokers Inc.
dba Global Green Insurance Agency of the Bay Area

AUTO, HOME, BUSINESS, LIFE

510-487-1000

WWW.GGIABA.COM

COVERED CALIFORNIA

Certified INSURANCE AGENT

Free Confidential Help

Call : Gurcharan Singh Mann
CA License

Medicare

Licensed Insurance Agent
CA Lic # 0C70672

CALL TO ENROL

510-557-0061

Buying OR Selling Real Estate Let US HELP

MANN
Real Estate Services

BAY AREA, TRACY, LATHROP, ELK GROVE, ROSEVILLE, ROCKLIN, MOUNTAIN HOUSE

510-557-0061

Find your home on our website

www.mannres.com



Gurcharan Singh Mann
DRE#02321006

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ
ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ

PAUL SIHOTA



ਸੁਰਾਂ ਦੇ ਜਾਦੂ ਤੋਂ ਆਤਮਾ ਦੇ ਸਕੂਨ ਤੱਕ ਕੀਰਤਨ ਦਾ ਰੂਹਾਨੀ ਸਫ਼ਰ



ਕੁਲਬੀਰ ਸ਼ਰਮਾ
ਪਿੰਡ ਅਤੇ ਡਾਕ: ਝਬੇਲਵਾਲੀ
ਸ੍ਰੀ ਮੁਕਤਸਰ ਸਾਹਿਬ, ਪੰਜਾਬ
8427212104

ਜਦੋਂ ਰਾਗੀ ਸਿੰਘਾਂ ਦੀ ਆਵਾਜ਼ ਵਿੱਚ ਗੁਰਬਾਣੀ ਦਾ ਸ਼ਬਦ ਕੰਨਾਂ ਵਿੱਚ ਪੈਂਦਾ ਹੈ, ਤਾਂ ਕਈ ਵਾਰ ਮਨ ਦੀ ਹਾਲਤ ਹੀ ਬਦਲ ਜਾਂਦੀ ਹੈ। ਕੁਝ ਪਲ ਪਹਿਲਾਂ ਤੱਕ ਜਿਹੜੀਆਂ ਗੱਲਾਂ ਦਿਮਾਗ ਵਿੱਚ ਘੁੰਮ ਰਹੀਆਂ ਹੁੰਦੀਆਂ ਹਨ, ਜਿਹੜੀਆਂ ਚਿੰਤਾਵਾਂ ਅੰਦਰ ਬੇਚੈਨੀ ਪੈਦਾ ਕਰ ਰਹੀਆਂ ਹੁੰਦੀਆਂ ਹਨ, ਉਹ ਹੌਲੀ-ਹੌਲੀ ਪਿੱਛੇ ਰਹਿ ਜਾਂਦੀਆਂ ਹਨ। ਮਨ ਸ਼ਬਦ ਦੀਆਂ ਸੁਰਾਂ ਵਿੱਚ ਅਜਿਹਾ ਜੁੜਦਾ ਹੈ ਕਿ ਆਲੇ-ਦੁਆਲੇ ਦੀ ਦੁਨੀਆ ਵੱਲ ਧਿਆਨ ਹੀ ਨਹੀਂ ਰਹਿੰਦਾ। ਇਹ ਅਹਿਸਾਸ ਕਿਸੇ ਨੂੰ ਸਮਝਾ ਕੇ ਨਹੀਂ ਦੱਸਿਆ ਜਾ ਸਕਦਾ, ਇਸ ਨੂੰ ਸਿਰਫ਼ ਮਹਿਸੂਸ ਕੀਤਾ ਜਾ ਸਕਦਾ ਹੈ। ਕੀਰਤਨ ਦੀ ਇਹੀ ਖ਼ੂਬੀ ਹੈ ਕਿ ਇਹ ਮਨੁੱਖ ਨੂੰ ਕੁਝ ਸਮੇਂ ਲਈ ਆਪਣੀਆਂ ਉਲਝਣਾਂ ਤੋਂ ਦੂਰ ਕਰਕੇ ਆਪਣੇ ਅੰਦਰ ਝਾਤ ਮਾਰਨ ਦਾ ਮੌਕਾ ਦਿੰਦਾ ਹੈ।

ਅਸੀਂ ਹਰ ਰੋਜ਼ ਕਿੰਨੇ ਹੀ ਲੋਕਾਂ ਨੂੰ ਮਿਲਦੇ ਹਾਂ, ਕਿੰਨੀਆਂ ਗੱਲਾਂ ਕਰਦੇ ਹਾਂ ਅਤੇ ਕਿੰਨੇ ਕੰਮਾਂ ਵਿੱਚ ਰੁੱਝੇ ਰਹਿੰਦੇ ਹਾਂ, ਪਰ ਮਨ ਦੀ ਥਕਾਵਟ ਹਮੇਸ਼ਾ ਸਰੀਰ ਦੀ ਥਕਾਵਟ ਵਰਗੀ ਨਹੀਂ ਹੁੰਦੀ। ਕਈ ਵਾਰ ਬੰਦਾ ਸਰੀਰਕ ਤੌਰ 'ਤੇ ਬਿਲਕੁਲ ਠੀਕ ਹੁੰਦਾ ਹੈ, ਪਰ ਅੰਦਰੋਂ ਬੇਚੈਨ ਹੁੰਦਾ ਹੈ। ਮਨ ਵਿੱਚ ਪੁਰਾਣੀਆਂ ਗੱਲਾਂ, ਆਉਣ ਵਾਲੇ ਕੱਲ੍ਹ ਦੀ ਚਿੰਤਾ ਅਤੇ ਰੋਜ਼ਾਨਾ ਦੀਆਂ ਜ਼ਿੰਮੇਵਾਰੀਆਂ ਦਾ ਬੋਝ ਬਣਿਆ ਰਹਿੰਦਾ ਹੈ। ਅਜਿਹੇ ਵੇਲੇ ਜਦੋਂ ਗੁਰਦੁਆਰਾ ਸਾਹਿਬ ਵਿੱਚ ਬੈਠ ਕੇ ਜਾਂ ਕਿਸੇ ਕੀਰਤਨ ਦਰਬਾਰ ਵਿੱਚ ਗੁਰਬਾਣੀ ਸਰਵਣ ਕਰਨ ਦਾ ਮੌਕਾ ਮਿਲਦਾ ਹੈ, ਤਾਂ ਮਨ ਨੂੰ ਇੱਕ ਵੱਖਰਾ ਹੀ ਆਸਰਾ ਮਿਲਦਾ ਹੈ। ਉੱਥੇ ਬੈਠਿਆਂ ਇਹ ਨਹੀਂ ਲੱਗਦਾ ਕਿ ਦੁਨੀਆ ਦੀਆਂ ਸਾਰੀਆਂ ਸਮੱਸਿਆਵਾਂ ਖ਼ਤਮ ਹੋ ਗਈਆਂ ਹਨ, ਸਗੋਂ ਇਹ ਮਹਿਸੂਸ ਹੁੰਦਾ ਹੈ ਕਿ ਕੁਝ ਪਲਾਂ ਲਈ ਉਨ੍ਹਾਂ ਦੇ ਬੋਝ ਤੋਂ ਮਨ ਨੂੰ ਰਾਹਤ ਮਿਲ ਗਈ ਹੈ।

ਕੀਰਤਨ ਦੀਆਂ ਸੁਰਾਂ ਵਿੱਚ ਇੱਕ ਅਜਿਹਾ ਖਿੱਚ ਹੁੰਦਾ ਹੈ ਜੋ ਮਨ ਨੂੰ ਆਪਣੇ ਨਾਲ ਜੋੜ ਲੈਂਦਾ ਹੈ। ਜਦੋਂ ਰਾਗੀ ਸਿੰਘ ਕਿਸੇ ਸ਼ਬਦ ਨੂੰ ਪੂਰੀ ਸ਼ਰਧਾ ਅਤੇ ਲਗਨ ਨਾਲ ਗਾਉਂਦੇ ਹਨ, ਤਾਂ ਉਨ੍ਹਾਂ ਦੀ ਆਵਾਜ਼ ਦੇ ਨਾਲ-ਨਾਲ ਸ਼ਬਦਾਂ ਦੇ ਅਰਥ ਵੀ ਮਨ ਅੰਦਰ ਉਤਰਨ ਲੱਗਦੇ ਹਨ। ਕਦੇ ਕੋਈ ਤੁਕ ਜੀਵਨ ਦੀ ਸੱਚਾਈ ਸਮਝਾ ਜਾਂਦੀ ਹੈ, ਕਦੇ ਕੋਈ ਸ਼ਬਦ ਮਨ ਨੂੰ ਹੌਸਲਾ ਦਿੰਦਾ ਹੈ ਅਤੇ ਕਦੇ ਕੋਈ ਪੰਕਤੀ ਆਪਣੀਆਂ ਗ਼ਲਤੀਆਂ ਬਾਰੇ ਸੋਚਣ ਲਈ ਮਜਬੂਰ ਕਰ ਦਿੰਦੀ ਹੈ। ਉਸ ਸਮੇਂ ਕੀਰਤਨ ਸਿਰਫ਼ ਸੁਣਨ ਵਾਲੀ ਚੀਜ਼ ਨਹੀਂ ਰਹਿੰਦਾ, ਸਗੋਂ ਮਨੁੱਖ ਦੇ ਅੰਦਰ ਚੱਲ ਰਹੀ ਗੱਲਬਾਤ ਦਾ ਹਿੱਸਾ ਬਣ ਜਾਂਦਾ ਹੈ।

ਗੁਰਦੁਆਰਾ ਸਾਹਿਬ ਵਿੱਚ ਸੰਗਤ ਨਾਲ ਬੈਠ ਕੇ ਕੀਰਤਨ ਸੁਣਨ ਦਾ ਅਨੁਭਵ ਵੀ ਆਪਣੇ ਆਪ ਵਿੱਚ ਵਿਲੱਖਣ ਹੁੰਦਾ ਹੈ। ਕਿਸੇ ਦੇ ਚਿਹਰੇ ਉੱਤੇ ਸ਼ਾਂਤੀ ਹੁੰਦੀ ਹੈ, ਕੋਈ ਅੱਖਾਂ ਬੰਦ ਕਰਕੇ ਸ਼ਬਦ ਵਿੱਚ ਲੀਨ ਹੁੰਦਾ ਹੈ ਅਤੇ ਕੋਈ ਚੁੱਪਚਾਪ ਹੱਥ ਜੋੜ ਕੇ ਬੈਠਾ ਹੁੰਦਾ ਹੈ। ਉੱਥੇ ਹਰ ਵਿਅਕਤੀ ਦੀ ਆਪਣੀ ਕਹਾਣੀ ਹੁੰਦੀ ਹੈ। ਕਿਸੇ ਨੂੰ ਘਰ ਦੀ ਚਿੰਤਾ ਹੁੰਦੀ ਹੈ, ਕੋਈ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਸੋਚ ਰਿਹਾ ਹੁੰਦਾ ਹੈ ਅਤੇ ਕੋਈ ਜ਼ਿੰਦਗੀ ਵਿੱਚ ਮਿਲੀਆਂ ਠੋਕਰਾਂ ਤੋਂ ਬਾਅਦ ਮਨ ਨੂੰ ਸਹਾਰਾ ਦੇਣ ਲਈ ਆਇਆ ਹੁੰਦਾ ਹੈ। ਪਰ ਜਦੋਂ ਸਾਰਿਆਂ ਦਾ ਧਿਆਨ ਗੁਰਬਾਣੀ ਵੱਲ ਜੁੜਦਾ ਹੈ, ਤਾਂ ਕੁਝ ਪਲਾਂ ਲਈ ਹਰ ਕੋਈ ਆਪਣੇ ਦੁੱਖਾਂ ਤੋਂ ਉੱਪਰ ਉੱਠ ਕੇ ਇੱਕ ਸਾਂਝੇ ਰੂਹਾਨੀ ਅਹਿਸਾਸ ਨਾਲ ਜੁੜ ਜਾਂਦਾ ਹੈ।

ਰਾਗੀ ਸਿੰਘਾਂ ਦੀ ਸੇਵਾ ਵੀ ਇਸ ਅਨੁਭਵ ਦਾ ਅਹਿਮ ਹਿੱਸਾ ਹੈ। ਉਹ ਜਦੋਂ ਗੁਰਬਾਣੀ ਦੇ ਸ਼ਬਦਾਂ ਨੂੰ ਸੁਰਾਂ ਵਿੱਚ ਪਰੋ ਕੇ ਸੰਗਤ ਸਾਹਮਣੇ ਪੇਸ਼ ਕਰਦੇ ਹਨ, ਤਾਂ ਉਨ੍ਹਾਂ ਦੀ ਆਵਾਜ਼ ਰਾਹੀਂ ਸ਼ਬਦਾਂ ਨਾਲ ਜੁੜਨ ਦਾ ਇੱਕ ਸੁੰਦਰ ਮੌਕਾ ਬਣਦਾ ਹੈ। ਚੰਗਾ ਕੀਰਤਨ ਸਿਰਫ਼ ਸੁਰਾਂ ਦੀ ਮਿਠਾਸ ਤੱਕ ਸੀਮਤ ਨਹੀਂ ਹੁੰਦਾ; ਇਸ ਵਿੱਚ ਸ਼ਬਦ ਦੀ ਸਮਝ, ਸ਼ਰਧਾ ਅਤੇ ਉਸ ਨਾਲ ਜੁੜੀ ਭਾਵਨਾ ਵੀ ਮਹੱਤਵ ਰੱਖਦੀ ਹੈ। ਜਦੋਂ ਗਾਇਨ ਦੇ ਨਾਲ ਗੁਰਬਾਣੀ ਦਾ ਸੁਨੇਹਾ ਵੀ ਮਨ ਤੱਕ ਪਹੁੰਚਦਾ ਹੈ, ਤਾਂ ਸੁਣਨ ਵਾਲਾ ਸਿਰਫ਼ ਆਵਾਜ਼ ਦਾ ਆਨੰਦ ਨਹੀਂ ਮਾਣਦਾ, ਸਗੋਂ ਉਸ ਵਿੱਚੋਂ ਜੀਵਨ ਲਈ ਕੋਈ ਸਿੱਖਿਆ ਵੀ ਲੈ ਸਕਦਾ ਹੈ।

ਕਈ ਵਾਰ ਕਿਸੇ ਸ਼ਬਦ ਦੀ ਇੱਕ ਤੁਕ ਮਨ ਵਿੱਚ ਅਜਿਹੀ ਵੱਸ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਤੋਂ ਵਾਪਸ ਆਉਣ ਮਗਰੋਂ ਵੀ ਉਸ ਦੀ ਗੂੰਜ ਅੰਦਰ ਸੁਣਾਈ ਦਿੰਦੀ ਰਹਿੰਦੀ ਹੈ। ਰੋਜ਼ਾਨਾ ਦੇ ਕੰਮ ਕਰਦਿਆਂ ਵੀ ਉਹੀ ਸ਼ਬਦ ਯਾਦ ਆ ਜਾਂਦਾ ਹੈ ਅਤੇ ਮਨ ਨੂੰ ਸਹੀ ਰਾਹ ਉੱਤੇ ਰੱਖਣ ਦੀ ਪ੍ਰੇਰਣਾ ਦਿੰਦਾ ਹੈ। ਜੇ ਕਿਸੇ ਸ਼ਬਦ ਵਿੱਚ ਨਿਮਰਤਾ ਦਾ ਸੁਨੇਹਾ ਹੈ, ਤਾਂ ਉਹ ਆਪਣੇ ਵਿਹਾਰ ਬਾਰੇ ਸੋਚਣ ਲਈ ਪ੍ਰੇਰਿਤ ਕਰ ਸਕਦਾ ਹੈ। ਜੇ ਉਸ ਵਿੱਚ ਸਬਰ ਦੀ ਗੱਲ ਹੈ, ਤਾਂ ਮੁਸ਼ਕਲ ਸਮੇਂ ਵਿੱਚ ਮਨ ਨੂੰ ਸੰਭਾਲਣ ਦਾ ਹੌਸਲਾ ਮਿਲ ਸਕਦਾ ਹੈ। ਇਸ ਤਰ੍ਹਾਂ ਕੀਰਤਨ ਦਾ ਅਸਰ ਸਿਰਫ਼ ਉਸ ਸਮੇਂ ਤੱਕ ਨਹੀਂ ਰਹਿੰਦਾ ਜਦੋਂ ਤੱਕ ਸਾਜ਼ ਵੱਜਦੇ ਹਨ, ਸਗੋਂ ਉਸ ਦੀ ਸਿੱਖਿਆ ਜੀਵਨ ਦੇ ਹੋਰ ਪਲਾਂ ਵਿੱਚ ਵੀ ਨਾਲ ਰਹਿ ਸਕਦੀ ਹੈ।

ਪਰਮਾਤਮਾ ਨਾਲ ਜੁੜਨ ਦਾ ਅਹਿਸਾਸ ਵੀ ਹਰ ਮਨੁੱਖ ਲਈ ਵੱਖਰਾ ਹੋ ਸਕਦਾ ਹੈ। ਕਿਸੇ ਨੂੰ ਸ਼ਬਦ ਸੁਣਦਿਆਂ ਅੱਖਾਂ ਵਿੱਚ ਹੰਝੂ ਆ ਜਾਂਦੇ ਹਨ, ਕਿਸੇ ਦੇ ਮਨ ਵਿੱਚ ਸ਼ੁਕਰਾਨੇ ਦੀ ਭਾਵਨਾ ਜਾਗਦੀ ਹੈ ਅਤੇ ਕਿਸੇ ਨੂੰ ਅੰਦਰੋਂ ਅਜਿਹਾ ਸਕੂਨ ਮਿਲਦਾ ਹੈ ਜਿਸ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਔਖਾ ਹੁੰਦਾ ਹੈ। ਇਹ ਜ਼ਰੂਰੀ ਨਹੀਂ ਕਿ ਹਰ ਵਿਅਕਤੀ ਇੱਕੋ ਤਰ੍ਹਾਂ ਮਹਿਸੂਸ ਕਰੇ। ਪਰ ਜਦੋਂ ਮਨੁੱਖ ਸ਼ਰਧਾ ਨਾਲ ਗੁਰਬਾਣੀ ਸੁਣਦਾ ਹੈ ਅਤੇ ਉਸ ਦੇ ਸੁਨੇਹੇ ਨੂੰ ਆਪਣੇ ਜੀਵਨ ਨਾਲ ਜੋੜ ਕੇ ਵੇਖਦਾ ਹੈ, ਤਾਂ ਉਸ ਦਾ ਧਿਆਨ ਸਿਰਫ਼ ਆਪਣੀਆਂ ਇੱਛਾਵਾਂ ਅਤੇ ਦੁਨਿਆਵੀ ਪ੍ਰਾਪਤੀਆਂ ਤੱਕ ਸੀਮਤ ਨਹੀਂ ਰਹਿੰਦਾ। ਉਸ ਨੂੰ ਆਪਣੇ ਜੀਵਨ, ਆਪਣੇ ਵਿਹਾਰ ਅਤੇ ਪਰਮਾਤਮਾ ਨਾਲ ਆਪਣੇ ਰਿਸ਼ਤੇ ਬਾਰੇ ਸੋਚਣ ਦਾ ਮੌਕਾ ਮਿਲਦਾ ਹੈ।

ਗੁਰਬਾਣੀ ਦੇ ਕੀਰਤਨ ਨਾਲ ਜੁੜੇ ਕੁਝ ਪਲ ਮਨ ਨੂੰ ਠਹਿਰਨ ਦਾ ਮੌਕਾ ਦੇ ਸਕਦੇ ਹਨ। ਇੱਥੇ ਗੱਲ ਸਿਰਫ਼ ਮਿੱਠੀ ਆਵਾਜ਼ ਸੁਣਨ ਦੀ ਨਹੀਂ, ਸਗੋਂ ਅਜਿਹੇ ਸ਼ਬਦਾਂ ਨਾਲ ਜੁੜਨ ਦੀ ਹੈ ਜੋ ਮਨੁੱਖ ਨੂੰ ਸੱਚ, ਸੇਵਾ, ਨਿਮਰਤਾ ਅਤੇ ਚੰਗੇ ਆਚਰਨ ਵੱਲ ਪ੍ਰੇਰਿਤ ਕਰਦੇ ਹਨ। ਜਦੋਂ ਇਹ ਗੁਣ ਜੀਵਨ ਵਿੱਚ ਉਤਰਨ ਲੱਗਦੇ ਹਨ, ਤਾਂ ਕੀਰਤਨ ਦਾ ਅਨੁਭਵ ਸਿਰਫ਼ ਇੱਕ ਰੂਹਾਨੀ ਪਲ ਨਹੀਂ ਰਹਿੰਦਾ, ਸਗੋਂ ਜੀਵਨ ਨੂੰ ਦੇਖਣ ਦਾ ਨਜ਼ਰੀਆ ਵੀ ਬਦਲ ਸਕਦਾ ਹੈ।

ਕੀਰਤਨ ਸੁਣਨ ਤੋਂ ਬਾਅਦ ਮਿਲਣ ਵਾਲਾ ਸਕੂਨ ਇਸ ਗੱਲ ਵਿੱਚ ਵੀ ਹੈ ਕਿ ਮਨੁੱਖ ਕੁਝ ਸਮੇਂ ਲਈ ਆਪਣੇ ਆਪ ਨੂੰ ਦੁਨੀਆ ਦੀ ਦੌੜ ਤੋਂ ਵੱਖ ਕਰ ਲੈਂਦਾ ਹੈ। ਉਸ ਵੇਲੇ ਨਾ ਕਿਸੇ ਨਾਲ ਮੁਕਾਬਲਾ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ, ਨਾ ਕਿਸੇ ਅੱਗੇ ਆਪਣੇ ਆਪ ਨੂੰ ਸਾਬਤ ਕਰਨ ਦੀ। ਮਨ ਸ਼ਬਦ ਵਿੱਚ ਟਿਕਿਆ ਹੁੰਦਾ ਹੈ ਅਤੇ ਅੰਦਰ ਇੱਕ ਸਾਦਗੀ ਜਿਹੀ ਮਹਿਸੂਸ ਹੁੰਦੀ ਹੈ। ਇਹੀ ਸਾਦਗੀ ਮਨੁੱਖ ਨੂੰ ਯਾਦ ਕਰਵਾਉਂਦੀ ਹੈ ਕਿ ਜ਼ਿੰਦਗੀ ਸਿਰਫ਼ ਕਮਾਉਣ, ਇਕੱਠਾ ਕਰਨ ਅਤੇ ਅੱਗੇ ਨਿਕਲਣ ਦਾ ਨਾਂ ਨਹੀਂ। ਆਪਣੇ ਅੰਦਰ ਸ਼ਾਂਤੀ ਬਣਾਈ ਰੱਖਣਾ, ਦੂਜਿਆਂ ਨਾਲ ਚੰਗਾ ਵਿਹਾਰ ਕਰਨਾ ਅਤੇ ਮਿਲੀ ਹੋਈ ਜ਼ਿੰਦਗੀ ਲਈ ਸ਼ੁਕਰਗੁਜ਼ਾਰ ਰਹਿਣਾ ਵੀ ਓਨਾ ਹੀ ਜ਼ਰੂਰੀ ਹੈ।

ਕੀਰਤਨ ਦੀਆਂ ਸੁਰਾਂ ਦਾ ਰੂਹਾਨੀ ਸਫ਼ਰ ਕੰਨਾਂ ਤੋਂ ਸ਼ੁਰੂ ਹੋ ਕੇ ਮਨ ਤੱਕ ਅਤੇ ਮਨ ਤੋਂ ਜੀਵਨ ਦੇ ਵਿਹਾਰ ਤੱਕ ਪਹੁੰਚ ਸਕਦਾ ਹੈ। ਜੇ ਗੁਰਬਾਣੀ ਸੁਣ ਕੇ ਮਨ ਵਿੱਚ ਨਿਮਰਤਾ ਵਧੇ, ਦੂਜਿਆਂ ਦੇ ਦੁੱਖ ਨੂੰ ਸਮਝਣ ਦੀ ਭਾਵਨਾ ਪੈਦਾ ਹੋਵੇ ਅਤੇ ਔਖੇ ਸਮੇਂ ਵਿੱਚ ਵੀ ਸਹੀ ਰਾਹ ਉੱਤੇ ਚੱਲਣ ਦਾ ਹੌਸਲਾ ਮਿਲੇ, ਤਾਂ ਇਹ ਉਸ ਅਨੁਭਵ ਦੀ ਅਸਲ ਖ਼ੂਬਸੂਰਤੀ ਹੈ। ਕੀਰਤਨ ਮਨੁੱਖ ਨੂੰ ਆਪਣੀਆਂ ਚਿੰਤਾਵਾਂ ਤੋਂ ਕੁਝ ਪਲਾਂ ਦੀ ਰਾਹਤ ਦੇਣ ਦੇ ਨਾਲ-ਨਾਲ ਆਪਣੇ ਅੰਦਰ ਵੱਸਦੀ ਸ਼ਾਂਤੀ ਨੂੰ ਮਹਿਸੂਸ ਕਰਨ ਦਾ ਮੌਕਾ ਦਿੰਦਾ ਹੈ। ਜਦੋਂ ਸ਼ਬਦ ਦੀ ਮਿਠਾਸ ਦਿਲ ਵਿੱਚ ਉਤਰਦੀ ਹੈ, ਤਾਂ ਬਾਹਰਲੀ ਦੁਨੀਆ ਉਹੀ ਰਹਿੰਦੀ ਹੈ, ਪਰ ਉਸ ਨੂੰ ਵੇਖਣ ਵਾਲੇ ਮਨ ਦੀ ਹਾਲਤ ਬਦਲੀ ਹੋਈ ਮਹਿਸੂਸ ਹੁੰਦੀ ਹੈ। ਸ਼ਾਇਦ ਇਹੀ ਉਹ ਰੂਹਾਨੀ ਸਕੂਨ ਹੈ, ਜਿਸ ਦੀ ਭਾਲ ਵਿੱਚ ਮਨੁੱਖ ਵਾਰ-ਵਾਰ ਕੀਰਤਨ ਦੀਆਂ ਧੁਨਾਂ ਵੱਲ ਖਿੱਚਿਆ ਜਾਂਦਾ ਹੈ।



SERVPRO
OF TRACY
Cleaning. Restoration. Construction.

ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ

ਅਸੀਂ Insurance Companies ਦੇ National Account 'ਤੇ ਹਾਂ

ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ

Before



After













- ਪਾਣੀ ਨਾਲ ਨੁਕਸਾਨ ਦੀ ਮੁਰੰਮਤ
- ਕਾਰਪੇਟ ਅਤੇ ਫਰਨੀਚਰ ਸੁਕਾਉਣਾ
- ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
- Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ

Before



After



ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ

2275 N Mac Arthur Dr Tracy, CA 95376

CONTACT FOR MORE INFORMATION

DEEPINDER MAHAL
President

Office (209) 834-0200
Cell (408) 963-7702

ਗੁਰਿੰਦਰਜੀਤ ਸਿੰਘ "ਨੀਟਾ ਮਾਛੀਕੇ" ਵੱਲੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਲਾਨਾ ਮਹਾਨ ਨਗਰ ਕੀਰਤਨ (ਯੂਬਾ ਸਿਟੀ) ਦੀਆਂ

ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ


ਪੱਤਰਕਾਰ ਤੇ ਲੇਖਕ

ਗੁਰਿੰਦਰਜੀਤ ਸਿੰਘ "ਨੀਟਾ ਮਾਛੀਕੇ"

ਦੀ

ਅਮਰੀਕੀ ਟਰੱਕਨਾਮਾ

(ਜ਼ਿੰਦਗੀ ਡਰਾਈਵਰਾਂ ਦੀ)



ਟਰੱਕ ਡਰਾਈਵਰਾਂ ਦੀ
ਅਸਲ ਜ਼ਿੰਦਗੀ, ਚੁਣੌਤੀਆਂ,
ਸੰਘਰਸ਼ ਤੇ ਸਫਲਤਾ ਦੀ
ਦਿਲ ਨੂੰ ਛੋਹ ਲੈਣ ਵਾਲੀ ਕਹਾਣੀ

ਟਰੱਕ ਡਰਾਈਵਰਾਂ ਦੀ ਜ਼ਿੰਦਗੀ 'ਤੇ ਆਧਾਰਿਤ
ਕਿਤਾਬ "ਅਮਰੀਕੀ ਟਰੱਕਨਾਮਾ"
ਤੁਸੀਂ ਐਮਾਜਨ ਤੋਂ ਖਰੀਦ ਸਕਦੇ ਹੋ। amazon

ਫੋਨ 'ਤੇ ਆਰਡਰ ਕਰਨ ਲਈ
+91 98152 98459

ਚੋਤਨਾ ਪ੍ਰਕਾਸ਼ਨ ਵਾਲੇ ਸ਼ਤੀਸ਼ ਗੁਲਾਟੀ ਜੀ ਦਾ
ਕੈਨੇਡਾ ਦਾ ਨੰਬਰ +1 (604) 750-0189

ਜ਼ਰੂਰ ਪੜ੍ਹੋ
ਅਤੇ ਸਾਂਝਾ ਕਰੋ

ਇੱਕ ਟਰੱਕ ਡਰਾਈਵਰ ਦੀ ਕਲਮ ਤੋਂ... ਟਰੱਕ ਡਰਾਈਵਰਾਂ ਦੇ ਨਾਮ

ATWAL
IMMIGRATION SERVICES

ATWAL
TAX & IMMIGRATION
— SERVICES —

- FAMILY PETITIONS
- NATURALIZATION (US CITIZENSHIP)
- GREEN CARD RENEW
- WORK PERMIT RENEW
- AFFIDAVIT OF SUPPORT
- INDIAN AND US PASSPORT RENEW
- INDIAN VISA
- OCI
- E-VISA
- INDIAN PASSPORT SURRENDER

ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ



TONY
ATWAL

ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com

ਜਾਂ ਫ਼ਿਰ ਸਾਡੀ WEBSITE
www.atwaltaximmigrationservices.com



ADDRESS 1
119 N Maple Ave, Ste B,Manteca, CA,95336 Manteca
(209) 505-6384

ADDRESS 2
2800 Mitchell Rd,Ste.W,Ceres ,CA 95307, Ceres
(209) 568-9682



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

ਖੰਭਾਂ ਦੀ ਫੜਫੜਾਹਟ ਤੋਂ ਅੱਗੇ: ਜੰਗਲੀ ਪੰਛੀ ਕੁਦਰਤ ਦੀ ਮਦਦ ਨਾਲ ਉਡਾਣ ਨੂੰ ਕਿਵੇਂ ਵਧੇਰੇ ਕੁਸ਼ਲ ਬਣਾਉਂਦੇ ਹਨ?

ਉਡਾਣ ਕੁਦਰਤ ਦੀਆਂ ਸਭ ਤੋਂ ਅਦਭੁੱਤ ਪ੍ਰਾਪਤੀਆਂ ਵਿੱਚੋਂ ਇੱਕ ਹੈ। ਪੰਛੀ ਮਹਾਂਦੀਪਾਂ ਨੂੰ ਪਾਰ ਕਰਦੇ ਹਨ, ਪਹਾੜਾਂ ਦੇ ਉੱਪਰ ਉੱਡਦੇ ਹਨ ਅਤੇ ਹਜ਼ਾਰਾਂ ਕਿਲੋਮੀਟਰ ਦੀ ਯਾਤਰਾ ਬੇਮਿਸਾਲ ਸਟੀਕਤਾ ਨਾਲ ਪੂਰੀ ਕਰਦੇ ਹਨ। ਭਾਵੇਂ ਉਨ੍ਹਾਂ ਦੇ ਖੰਭ ਉਡਾਣ ਲਈ ਲੋੜੀਂਦੀ ਸ਼ਕਤੀ ਪੈਦਾ ਕਰਦੇ ਹਨ, ਪਰ ਲਗਾਤਾਰ ਖੰਭ ਫੜਫੜਾਉਣਾ ਹੀ ਉਨ੍ਹਾਂ ਦੀ ਲੰਬੀ ਅਤੇ ਊਰਜਾ-ਕੁਸ਼ਲ ਉਡਾਣ ਦਾ ਇਕਲੌਤਾ ਕਾਰਨ ਨਹੀਂ ਹੈ। ਕਈ ਜੰਗਲੀ ਪੰਛੀ ਹਵਾ ਦੇ ਕੁਦਰਤੀ ਵਹਾਅ, ਉੱਪਰ ਉੱਠਦੀ ਗਰਮ ਹਵਾ ਅਤੇ ਹਵਾਵਾਂ ਦੀ ਦਿਸ਼ਾ ਦਾ ਲਾਭ ਲੈ ਕੇ ਉੱਡਣ ਲਈ ਲੋੜੀਂਦੀ ਊਰਜਾ ਘਟਾ ਲੈਂਦੇ ਹਨ। ਹਵਾ ਵਿੱਚ ਮੌਜੂਦ ਇਸ ਅਦਿੱਖ ਸਹਾਇਤਾ ਦੀ ਵਰਤੋਂ ਕਰਕੇ ਉਹ ਸਾਬਤ ਕਰਦੇ ਹਨ ਕਿ ਕੁਦਰਤ ਗਤੀ ਨੂੰ ਵਧੇਰੇ ਕੁਸ਼ਲ ਬਣਾ ਸਕਦੀ ਹੈ।

ਪੰਛੀਆਂ ਦੀ ਉਡਾਣ ਬਾਰੇ ਵਿਗਿਆਨਕ ਖੋਜ ਇਹ ਸਮਝਣ ਵਿੱਚ ਮਦਦ ਕਰ ਰਹੀ ਹੈ ਕਿ ਉਹ ਸਰੀਰਕ ਤਾਕਤ, ਵਾਤਾਵਰਣ ਦੀ ਸਮਝ ਅਤੇ ਕੁਦਰਤੀ ਵਿਹਾਰ ਨੂੰ ਜੋੜ ਕੇ ਊਰਜਾ ਦੀ ਬੱਚਤ ਕਿਵੇਂ ਕਰਦੇ ਹਨ। ਉਨ੍ਹਾਂ ਦੀਆਂ ਇਹ ਵਿਸ਼ੇਸ਼ਤਾਵਾਂ ਨਾ ਸਿਰਫ਼ ਜੰਗਲੀ ਜੀਵਾਂ ਨੂੰ ਸਮਝਣ ਲਈ ਮਹੱਤਵਪੂਰਨ ਹਨ, ਸਗੋਂ ਵਧੇਰੇ ਕੁਸ਼ਲ ਹਵਾਈ ਜਹਾਜ਼ ਬਣਾਉਣ ਅਤੇ ਹਵਾਈ ਗਤੀ ਵਿਗਿਆਨ ਬਾਰੇ ਸਾਡੀ ਜਾਣਕਾਰੀ ਵਧਾਉਣ ਲਈ ਵੀ ਲਾਭਦਾਇਕ ਹਨ।

ਆਕਾਸ਼ ਊਰਜਾ ਦਾ ਇੱਕ ਕੁਦਰਤੀ ਸਰੋਤ

ਪੰਛੀਆਂ ਨੂੰ ਹਵਾ ਵਿੱਚ ਬਣੇ ਰਹਿਣ ਲਈ ਹਰ ਸਮੇਂ ਆਪਣੇ ਖੰਭ ਫੜਫੜਾਉਣ ਦੀ ਲੋੜ ਨਹੀਂ ਹੁੰਦੀ। ਜਦੋਂ ਵਾਤਾਵਰਣ ਦੀਆਂ ਸਥਿਤੀਆਂ ਅਨੁਕੂਲ ਹੋਣ, ਤਾਂ ਹਵਾ ਖੁਦ ਉਨ੍ਹਾਂ ਨੂੰ ਉੱਪਰ ਉੱਠਣ ਵਿੱਚ ਸਹਾਇਤਾ ਕਰ ਸਕਦੀ ਹੈ। ਇਸ ਦਾ ਇੱਕ ਮਹੱਤਵਪੂਰਨ ਤਰੀਕਾ ਗਰਮ ਹਵਾ ਦੇ ਉੱਪਰ ਉੱਠਦੇ ਵਹਾਅ ਦੀ ਵਰਤੋਂ ਕਰਨਾ ਹੈ। ਸੂਰਜ ਦੀ ਗਰਮੀ ਜਦੋਂ ਧਰਤੀ ਦੀ ਸਤ੍ਹਾ ਨੂੰ ਵੱਖ-ਵੱਖ ਢੰਗ ਨਾਲ ਗਰਮ ਕਰਦੀ ਹੈ, ਤਾਂ ਗਰਮ ਹਵਾ ਦੇ ਕੁਝ ਹਿੱਸੇ ਉੱਪਰ ਉੱਠਣ ਲੱਗਦੇ ਹਨ। ਇਨ੍ਹਾਂ ਨੂੰ *ਥਰਮਲ ਕਰੰਟ* ਕਿਹਾ ਜਾਂਦਾ ਹੈ।

ਬਾਜ਼, ਗਿੱਧ ਅਤੇ ਕੁਝ ਸਾਰਸ ਵਰਗੇ ਵੱਡੇ ਪੰਛੀ ਇਨ੍ਹਾਂ ਹਵਾਈ ਵਹਾਅ ਦਾ ਅਕਸਰ ਲਾਭ ਲੈਂਦੇ ਹਨ। ਉਹ ਉੱਪਰ ਉੱਠਦੀ ਹਵਾ ਵਿੱਚ ਚੱਕਰ ਲਗਾਉਂਦੇ ਹੋਏ ਉਚਾਈ ਪ੍ਰਾਪਤ ਕਰਦੇ ਹਨ ਅਤੇ ਫਿਰ ਆਪਣੇ ਅਗਲੇ ਟਿਕਾਣੇ ਵੱਲ ਗਲਾਈਡ ਕਰਦੇ ਹਨ। ਇਸ ਪ੍ਰਕਿਰਿਆ ਨੂੰ ਦੁਹਰਾ ਕੇ ਉਹ ਮਾਸਪੇਸ਼ੀਆਂ ਉੱਤੇ ਘੱਟ ਜ਼ੋਰ ਪਾਉਂਦੇ ਹੋਏ ਲੰਬੀਆਂ ਦੂਰੀਆਂ ਤੈਅ ਕਰ ਸਕਦੇ ਹਨ।

ਇਹ ਤਰੀਕਾ ਖ਼ਾਸ ਤੌਰ 'ਤੇ ਉਨ੍ਹਾਂ ਪੰਛੀਆਂ ਲਈ ਲਾਭਦਾਇਕ ਹੈ ਜਿਨ੍ਹਾਂ ਦੇ ਖੰਭ ਚੌੜੇ ਅਤੇ ਸਰੀਰ ਵੱਡੇ ਹੁੰਦੇ ਹਨ। ਉਨ੍ਹਾਂ ਦੀ ਸਰੀਰਕ ਬਣਤਰ ਉਨ੍ਹਾਂ ਨੂੰ ਹਵਾ ਵਿੱਚ ਕੁਸ਼ਲਤਾ ਨਾਲ ਰਹਿਣ ਅਤੇ ਕੁਦਰਤੀ ਉੱਪਰ ਵੱਲ ਜਾਂਦੀ ਹਵਾ ਦੀ ਵਰਤੋਂ ਕਰਨ ਦੇ ਯੋਗ ਬਣਾਉਂਦੀ ਹੈ।

ਹਵਾਵਾਂ ਦੀ ਮਦਦ ਨਾਲ ਊਰਜਾ ਦੀ ਬੱਚਤ

ਥਰਮਲ ਕਰੰਟ ਹੀ ਹਵਾ ਵਿੱਚ ਉਡਾਣ ਲਈ ਕੁਦਰਤ ਵੱਲੋਂ ਮਿਲਣ ਵਾਲੀ ਇਕੱਲੀ ਸਹਾਇਤਾ ਨਹੀਂ ਹਨ। ਜਦੋਂ ਹਵਾ ਪਹਾੜੀਆਂ, ਚੱਟਾਨਾਂ ਅਤੇ ਪਹਾੜੀ ਲੜੀਆਂ ਨਾਲ ਟਕਰਾਉਂਦੀ ਹੈ, ਤਾਂ ਉਹ ਉੱਪਰ ਵੱਲ ਮੁੜ ਸਕਦੀ ਹੈ। ਪੰਛੀ ਹਵਾ ਦੇ ਇਨ੍ਹਾਂ ਵਹਾਅ ਦੀ ਵਰਤੋਂ ਕਰਕੇ ਆਪਣੀ ਉਚਾਈ ਕਾਇਮ ਰੱਖਦੇ ਹਨ। ਇਸ ਤਕਨੀਕ ਨੂੰ *ਰਿਜ਼ ਸੋਰਿੰਗ* ਕਿਹਾ ਜਾਂਦਾ ਹੈ।

ਕੁਝ ਸਮੁੰਦਰੀ ਪੰਛੀ *ਡਾਇਨਾਮਿਕ ਸੋਰਿੰਗ* ਨਾਮਕ ਤਰੀਕਾ ਵਰਤਦੇ ਹਨ। ਉਹ ਵੱਖ-ਵੱਖ ਉਚਾਈਆਂ 'ਤੇ ਵਗ ਰਹੀਆਂ ਹਵਾਵਾਂ ਦੀ ਗਤੀ ਵਿੱਚ ਅੰਤਰ ਦਾ ਲਾਭ ਲੈ ਕੇ ਊਰਜਾ ਪ੍ਰਾਪਤ ਕਰਦੇ ਹਨ। ਐਲਬੈਟ੍ਰਾਸ ਪੰਛੀ ਇਸ ਤਰੀਕੇ ਲਈ ਖ਼ਾਸ ਤੌਰ 'ਤੇ ਜਾਣੇ ਜਾਂਦੇ ਹਨ। ਉਹ ਸਮੁੰਦਰ ਦੇ ਵਿਸ਼ਾਲ ਖੇਤਰਾਂ ਉੱਤੇ ਬਹੁਤ ਘੱਟ ਖੰਭ ਫੜਫੜਾਉਂਦੇ ਹੋਏ ਲੰਬੀਆਂ ਯਾਤਰਾਵਾਂ ਕਰ ਸਕਦੇ ਹਨ।

ਇਹ ਵਿਹਾਰ ਦਰਸਾਉਂਦਾ ਹੈ ਕਿ ਕੁਸ਼ਲ ਉਡਾਣ ਸਿਰਫ਼ ਖੰਭਾਂ ਦੀ ਬਣਤਰ 'ਤੇ ਨਿਰਭਰ ਨਹੀਂ ਕਰਦੀ, ਸਗੋਂ ਸਹੀ ਰਸਤਾ, ਉਚਾਈ ਅਤੇ ਵਾਤਾਵਰਣ ਦੀਆਂ ਸਥਿਤੀਆਂ ਚੁਣਨ 'ਤੇ ਵੀ ਨਿਰਭਰ ਕਰਦੀ ਹੈ।

ਸਹਿਜ ਬੁੱਧੀ, ਤਜਰਬਾ ਅਤੇ ਵਾਤਾਵਰਣ ਦੀ ਸਮਝ

ਪੰਛੀ ਅਨੁਕੂਲ ਹਵਾਈ ਵਹਾਅ ਦੀ ਪਛਾਣ ਕਿਵੇਂ ਕਰਦੇ ਹਨ? ਉਨ੍ਹਾਂ ਦਾ ਉਡਾਣ ਵਿਹਾਰ ਜਨਮਜਾਤ ਯੋਗਤਾਵਾਂ, ਇੰਦਰੀਆਂ ਤੋਂ ਮਿਲਣ ਵਾਲੀ ਜਾਣਕਾਰੀ ਅਤੇ ਤਜਰਬੇ ਦੇ ਸੁਮੇਲ ਨੂੰ ਦਰਸਾਉਂਦਾ ਹੈ। ਉਹ ਹਵਾ ਦੀ ਦਿਸ਼ਾ, ਦਿੱਖਣ ਵਾਲੇ ਨਿਸ਼ਾਨਾਂ ਅਤੇ ਆਲੇ-ਦੁਆਲੇ ਦੇ ਬਦਲਾਅ ਅਨੁਸਾਰ ਆਪਣੀ ਉਡਾਣ ਵਿੱਚ ਤਬਦੀਲੀ ਕਰ ਸਕਦੇ ਹਨ।

ਪਰਵਾਸੀ ਪੰਛੀਆਂ ਲਈ ਇਹ ਯੋਗਤਾ ਹੋਰ ਵੀ ਮਹੱਤਵਪੂਰਨ ਹੈ। ਉਨ੍ਹਾਂ ਨੂੰ ਊਰਜਾ ਦੀ ਖਪਤ, ਮੌਸਮ, ਭੋਜਨ ਦੀ ਉਪਲਬਧਤਾ ਅਤੇ ਪ੍ਰਜਨਨ ਜਾਂ ਸਰਦੀ ਦੇ ਟਿਕਾਣਿਆਂ ਤੱਕ ਸਮੇਂ ਸਿਰ ਪਹੁੰਚਣ ਵਿਚਕਾਰ ਸੰਤੁਲਨ ਬਣਾਉਣਾ ਪੈਂਦਾ ਹੈ। ਅਨੁਕੂਲ ਹਵਾਵਾਂ ਅਤੇ ਉੱਪਰ ਉੱਠਦੀ ਹਵਾ ਦੀ ਵਰਤੋਂ ਉਨ੍ਹਾਂ ਦੀ ਯਾਤਰਾ ਦਾ ਸਰੀਰਕ ਬੋਝ ਘਟਾ ਸਕਦੀ ਹੈ।

ਹਾਲਾਂਕਿ, ਹਰ ਸਥਿਤੀ ਵਿੱਚ ਕੁਦਰਤੀ ਹਵਾਈ ਸਹਾਇਤਾ ਉਪਲਬਧ ਨਹੀਂ ਹੁੰਦੀ। ਉਡਾਣ ਸ਼ੁਰੂ ਕਰਨ, ਦਿਸ਼ਾ ਬਦਲਣ ਅਤੇ ਅਨੁਕੂਲ ਹਵਾ ਨਾ ਹੋਣ ਦੀ ਸਥਿਤੀ ਵਿੱਚ ਖੰਭ ਫੜਫੜਾਉਣਾ ਜ਼ਰੂਰੀ ਰਹਿੰਦਾ ਹੈ। ਇਸ ਲਈ ਕੁਸ਼ਲ ਉਡਾਣ ਵੱਖ-ਵੱਖ ਤਰੀਕਿਆਂ ਦੀ ਸਹੀ ਸਮੇਂ 'ਤੇ ਵਰਤੋਂ ਕਰਨ ਨਾਲ ਸੰਭਵ ਹੁੰਦੀ ਹੈ।

ਹਵਾਬਾਜ਼ੀ ਅਤੇ ਤਕਨਾਲੋਜੀ ਲਈ ਸਬਕ

ਪੰਛੀਆਂ ਦੀ ਉਡਾਣ ਇੰਜੀਨੀਅਰਾਂ ਲਈ ਪ੍ਰੇਰਣਾ ਦਾ ਮਹੱਤਵਪੂਰਨ ਸਰੋਤ ਹੈ। ਹਵਾਈ ਜਹਾਜ਼ ਬਣਾਉਣ ਵਾਲੇ ਮਾਹਿਰ ਲਗਾਤਾਰ ਬਾਲਣ ਦੀ ਖਪਤ ਘਟਾਉਣ, ਹਵਾਈ ਗਤੀ ਵਿਗਿਆਨ ਨੂੰ ਬਿਹਤਰ ਬਣਾਉਣ ਅਤੇ ਉਡਾਣ ਦੀ ਦੂਰੀ ਵਧਾਉਣ ਦੇ ਤਰੀਕੇ ਲੱਭਦੇ ਰਹਿੰਦੇ ਹਨ। ਪੰਛੀਆਂ ਵੱਲੋਂ ਕੁਦਰਤੀ ਉੱਠਦੀ ਹਵਾ ਦੀ ਵਰਤੋਂ ਦਾ ਅਧਿਐਨ ਵਧੇਰੇ ਕੁਸ਼ਲ ਉਡਾਣ-ਯੋਜਨਾ ਪ੍ਰਣਾਲੀਆਂ, ਗਲਾਈਡਰਾਂ ਅਤੇ ਖੁਦਮੁਖਤਿਆਰ ਉੱਡਣ ਵਾਲੇ ਯੰਤਰਾਂ ਦੇ ਵਿਕਾਸ ਵਿੱਚ ਮਦਦ ਕਰ ਸਕਦਾ ਹੈ। ਅਜਿਹੇ ਯੰਤਰ ਹਵਾ ਦੇ ਉੱਪਰ ਵੱਲ ਜਾਂਦੇ ਵਹਾਅ ਦੀ ਵਰਤੋਂ ਕਰਕੇ ਆਪਣੀ ਉਡਾਣ ਦਾ ਸਮਾਂ ਵਧਾ ਸਕਦੇ ਹਨ ਅਤੇ ਬੈਟਰੀ ਜਾਂ ਹੋਰ ਊਰਜਾ ਸਰੋਤਾਂ ਉੱਤੇ ਨਿਰਭਰਤਾ ਘਟਾ ਸਕਦੇ ਹਨ।

ਇਸ ਤੋਂ ਮਿਲਣ ਵਾਲਾ ਵੱਡਾ ਸਬਕ ਇਹ ਹੈ ਕਿ ਕੁਸ਼ਲਤਾ ਹਮੇਸ਼ਾ ਵਧੇਰੇ ਸ਼ਕਤੀ ਪੈਦਾ ਕਰਨ ਨਾਲ ਨਹੀਂ ਆਉਂਦੀ। ਕਈ ਵਾਰ ਇਹ ਵਾਤਾਵਰਣ ਵਿੱਚ ਪਹਿਲਾਂ ਤੋਂ ਉਪਲਬਧ ਊਰਜਾ ਨੂੰ ਪਛਾਣਨ ਅਤੇ ਵਰਤਣ ਨਾਲ ਪ੍ਰਾਪਤ ਹੁੰਦੀ ਹੈ।

ਪੰਛੀਆਂ ਦੀ ਉਡਾਣ ਲਈ ਕੁਦਰਤ ਦੀ ਰੱਖਿਆ

ਪੰਛੀਆਂ ਦਾ ਜੀਵਨ ਸਿਹਤਮੰਦ ਵਾਤਾਵਰਣ ਅਤੇ ਢੁਕਵੇਂ ਕੁਦਰਤੀ ਨਿਵਾਸ ਸਥਾਨਾਂ 'ਤੇ ਨਿਰਭਰ ਕਰਦਾ ਹੈ। ਨਿਵਾਸ ਸਥਾਨਾਂ ਦਾ ਨਾਸ਼, ਜਲਵਾਯੂ ਪਰਿਵਰਤਨ, ਪ੍ਰਦੂਸ਼ਣ ਅਤੇ ਮਨੁੱਖੀ ਦਖ਼ਲ ਉਨ੍ਹਾਂ ਦੀ ਹੋਂਦ ਲਈ ਖ਼ਤਰਾ ਪੈਦਾ ਕਰ ਸਕਦੇ ਹਨ। ਮੌਸਮੀ ਤਬਦੀਲੀਆਂ ਉਨ੍ਹਾਂ ਹਵਾਈ ਵਹਾਅ ਦੀ ਉਪਲਬਧਤਾ ਨੂੰ ਵੀ ਪ੍ਰਭਾਵਿਤ ਕਰ ਸਕਦੀਆਂ ਹਨ ਜਿਨ੍ਹਾਂ 'ਤੇ ਕੁਝ ਪੰਛੀਆਂ ਦੀ ਉਡਾਣ ਨਿਰਭਰ ਕਰਦੀ ਹੈ।

ਇਸ ਲਈ ਦਲਦਲੀ ਇਲਾਕਿਆਂ, ਘਾਹ ਦੇ ਮੈਦਾਨਾਂ, ਜੰਗਲਾਂ, ਤੱਟਵਰਤੀ ਖੇਤਰਾਂ ਅਤੇ ਪਹਾੜੀ ਵਾਤਾਵਰਣ ਦੀ ਰੱਖਿਆ ਕਰਨੀ ਜ਼ਰੂਰੀ ਹੈ। ਬਿਜਲੀ ਦੀਆਂ ਤਾਰਾਂ, ਉੱਚੀਆਂ ਇਮਾਰਤਾਂ ਅਤੇ ਹਵਾ ਨਾਲ ਬਿਜਲੀ ਪੈਦਾ ਕਰਨ ਵਾਲੀਆਂ ਟਰਬਾਈਨਾਂ ਕਾਰਨ ਪਰਵਾਸੀ ਪੰਛੀਆਂ ਨੂੰ ਹੋਣ ਵਾਲੇ ਖ਼ਤਰਿਆਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।

ਜੰਗਲੀ ਪੰਛੀ ਸਾਨੂੰ ਸਿਖਾਉਂਦੇ ਹਨ ਕਿ ਉਡਾਣ ਸਿਰਫ਼ ਖੰਭਾਂ ਨੂੰ ਤੇਜ਼ੀ ਨਾਲ ਫੜਫੜਾਉਣ ਜਾਂ ਵਧੇਰੇ ਮਾਸਪੇਸ਼ੀ ਸ਼ਕਤੀ ਵਰਤਣ ਦਾ ਨਾਮ ਨਹੀਂ ਹੈ। ਇਹ ਕੁਦਰਤ ਨਾਲ ਤਾਲਮੇਲ ਬਣਾਉਣ ਦੀ ਕਲਾ ਵੀ ਹੈ। ਥਰਮਲ ਕਰੰਟ, ਪਹਾੜੀ ਹਵਾਈ ਵਹਾਅ ਅਤੇ ਹਵਾ ਦੀ ਗਤੀ ਵਿੱਚ ਅੰਤਰ ਦਾ ਲਾਭ ਲੈ ਕੇ ਕਈ ਪੰਛੀ ਊਰਜਾ ਬਚਾਉਂਦੇ ਹਨ ਅਤੇ ਹੈਰਾਨੀਜਨਕ ਦੂਰੀਆਂ ਤੈਅ ਕਰਦੇ ਹਨ।

ਉਨ੍ਹਾਂ ਦੀ ਯੋਗਤਾ ਸਾਨੂੰ ਕੁਸ਼ਲਤਾ ਬਾਰੇ ਨਵੇਂ ਢੰਗ ਨਾਲ ਸੋਚਣ ਲਈ ਪ੍ਰੇਰਿਤ ਕਰਦੀ ਹੈ। ਕੁਦਰਤ ਵਿੱਚ ਸਫਲਤਾ ਅਕਸਰ ਹਰ ਪਲ ਵੱਧ ਤੋਂ ਵੱਧ ਤਾਕਤ ਲਗਾਉਣ ਦੀ ਬਜਾਏ ਉਪਲਬਧ ਸਰੋਤਾਂ ਨਾਲ ਸਮਝਦਾਰੀ ਨਾਲ ਤਾਲਮੇਲ ਬਣਾਉਣ ਵਿੱਚ ਹੁੰਦੀ ਹੈ। ਜਿਵੇਂ-ਜਿਵੇਂ ਵਿਗਿਆਨੀ ਪੰਛੀਆਂ ਦੀ ਉਡਾਣ ਦੇ ਭੇਤਾਂ ਨੂੰ ਸਮਝਦੇ ਜਾਣਗੇ, ਇਹ ਅਦਭੁੱਤ ਜੀਵ ਮਨੁੱਖਤਾ ਨੂੰ ਵਧੇਰੇ ਊਰਜਾ-ਕੁਸ਼ਲ, ਵਾਤਾਵਰਣ-ਪੱਖੀ ਅਤੇ ਕੁਦਰਤ ਤੋਂ ਪ੍ਰੇਰਿਤ ਤਕਨਾਲੋਜੀਆਂ ਵਿਕਸਿਤ ਕਰਨ ਵਿੱਚ ਮਦਦ ਕਰ ਸਕਦੇ ਹਨ।





SUNSHINE AUTO CARE INC

WE REPAIR ALL"

AUTO • DIESEL TRUCKS • TRAILERS

All Makes & Models



FULL SERVICE AUTO & DIESEL REPAIR

- Engine Diagnostics
- Brake Service
- Suspension & Steering
- Diesel Truck Repair
- Trailer Repair

Reliable • Professional • Fast Service

1003 MOFFAT BLVD.• MANTECA, CA 95336

209-239-1551

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ





INDERJIT S. TOOR
CONSTRUCTION INC.



INDERJIT S. TOOR
CONSTRUCTION INC.
LIC# 842324

ਕੀ ਤੁਸੀਂ ਨਵਾਂ ਘਰ ਜਾਂ ਵਪਾਰਕ ਇਮਾਰਤ
ਬਣਾਉਣ ਦੀ ਯੋਜਨਾ ਬਣਾ ਰਹੇ ਹੋ ?

ਹੋਟਲ | ਅਪਾਰਟਮੈਂਟ | ਡਾਕਟਰਾਂ ਦੇ ਦਫ਼ਤਰ
ਅਤੇ ਗੈਸ ਸਟੇਸ਼ਨਾਂ ਦੇ ਨਿਰਮਾਣ ਕਾਰਜਾਂ ਲਈ
INDERJIT S. TOOR
Construction
ਨਾਲ ਸੰਪਰਕ ਕਰੋ।

Location : Northern California

ਤੁਹਾਡੀ ਸਮੱਸਿਆ, ਸਾਡਾ ਹੱਲ !

HARINDER S. TOOR CEO | (209) 404-4063

htoor@toorinc.com | www.ToorInc.com

2351 Tenaya Dr. Ste D, Modesto, CA 95354



ਬਰਜਿੰਦਰ ਕੌਰ ਬਿਸਰਾਓ
99889-01324

ਮਾਂ ਦੀ ਸਿੱਖਿਆ

ਮਨਜੀਤ ਤੇ ਹਰਨੂਰ ਦੇ ਵਿਆਹ ਨੂੰ ਅੱਠ ਵਰ੍ਹੇ ਬੀਤ ਗਏ ਸਨ। ਦੋਵੇਂ ਸਰਕਾਰੀ ਨੌਕਰੀ ਕਰਦੇ ਸਨ। ਉਹਨਾਂ ਦੀ ਵੱਡੀ ਕੁੜੀ ਮੀਤੀ ਛੇ ਵਰ੍ਹਿਆਂ ਦੀ ਤੇ ਉਸ ਤੋਂ ਛੋਟਾ ਮੁੰਡਾ ਰਮਨ ਵੀ ਤਿੰਨ ਵਰ੍ਹਿਆਂ ਦਾ ਹੋ ਗਿਆ ਸੀ। ਰੋਜ਼ ਪਿੰਡੋਂ ਨੌਕਰੀਆਂ ਤੇ ਜਾਣਾ ਆਉਣਾ ਔਖਾ ਸੀ ਇਸ ਲਈ ਦੋਵਾਂ ਨੇ ਨੌਕਰੀਆਂ ਅਤੇ ਜਵਾਕਾਂ ਦੀ ਸੁੱਖ ਸਹੂਲਤ ਦੇ ਹਿਸਾਬ ਨਾਲ ਨੇੜਲੇ ਕਸਬੇ ਵਿੱਚ ਘਰ ਕਿਰਾਏ ਤੇ ਲੈਕੇ ਰਹਿਣਾ ਸ਼ੁਰੂ ਕਰ ਦਿੱਤਾ ਸੀ। ਉਹਨਾਂ ਦਾ ਜੀਵਨ ਕਿੰਨਾ ਵਧੀਆ ਚੱਲ ਰਿਹਾ ਸੀ। ਘਰ ਵਿੱਚ ਕਿਸੇ ਚੀਜ਼ ਦੀ ਕਮੀ ਨਹੀਂ ਸੀ ਤੇ ਦੋਵੇਂ ਆਪਸ ਵਿੱਚ ਵਧੀਆ ਖੁਸ਼ਹਾਲ ਜ਼ਿੰਦਗੀ ਨਿਭਾਅ ਰਹੇ ਸਨ।

ਜਿੰਨਾਂ ਚਿਰ ਤੱਕ ਉਹ ਪਿੰਡ ਰਹਿੰਦੇ ਸਨ ਉਹਨਾਂ ਨੂੰ ਸਵੇਰੇ ਸਵੇਰੇ ਘਰਦਿਆਂ ਦਾ ਸਾਥ ਮਿਲ਼ਣ ਕਰਕੇ ਪਤਾ ਈ ਨੀ ਲੱਗਿਆ ਕਿ ਕਿਵੇਂ ਉਹਨਾਂ ਦੇ ਬੱਚੇ ਵੱਡੇ ਹੋ ਗਏ ਸਨ। ਚਾਹੇ ਉਹਨਾਂ ਨੂੰ ਨੌਕਰੀਆਂ ਤੇ ਆਉਣ ਜਾਣ ਦੀ ਖੇਚਲ ਜਰੂਰ ਹੁੰਦੀ ਸੀ ਪਰ ਬੱਚਿਆਂ ਦੀ ਸਾਂਭ ਸੰਭਾਲ ਦੀ ਜਿੰਮੇਵਾਰੀ ਉਹਨਾਂ ਦੇ ਘਰ ਦੇ ਚੁੱਕੀ ਫਿਰਦੇ ਸਨ। ਪਰ ਹੁਣ ਸਵੇਰੇ ਸਵੇਰੇ ਆਪ ਤਿਆਰ ਹੋਣਾ, ਸਾਰਿਆਂ ਦੇ ਟਿਫਨ ਤਿਆਰ ਕਰਨੇ, ਛੋਟੇ ਮੁੰਡੇ ਰਮਨ ਨੂੰ ਛੋਟੇ ਬੱਚਿਆਂ ਵਾਲ਼ੇ ਸਕੂਲ ਵਿੱਚ ਛੱਡਣਾ ਅਤੇ ਲਿਆਉਣਾ ਮਨਜੀਤ ਦੀ ਜ਼ਿੰਮੇਵਾਰੀ ਸੀ ਕਿਉਂਕਿ ਮੀਤੀ ਨੂੰ ਹਰਨੂਰ ਆਪਣੇ ਨਾਲ ਹੀ ਸਕੂਲ ਲੈ ਜਾਂਦੀ। ਪਰ ਸਵੇਰੇ ਸਵੇਰੇ ਕੰਮ ਕਰਦਿਆਂ ਜਾਂ ਬੱਚਿਆਂ ਨੂੰ ਤਿਆਰ ਕਰਦਿਆਂ ਤੇ ਉੱਪਰੋਂ ਡਿਊਟੀਆਂ ਤੇ ਸਮੇਂ ਸਿਰ ਪਹੁੰਚਣ ਦੀ ਕਾਹਲੀ ਹੋਣ ਕਰਕੇ ਉਨ੍ਹਾਂ ਦੀ ਆਪਸ ਵਿੱਚ ਕਦੇ ਕਦਾਈਂ ਦੀ ਬਹਿਸ ਕਦ ਹਰ ਵੇਲੇ ਦੀ ਲੜਾਈ ਰਹਿਣ ਲੱਗੀ ਕਿ ਪਤਾ ਈ ਨਾ ਲੱਗਿਆ।

ਹੁਣ ਦੋਵਾਂ ਦੀ ਨਿੱਕੀਆਂ ਨਿੱਕੀਆਂ ਗੱਲਾਂ ਤੇ ਤਕਰਾਰ ਹੋ ਕੇ ਵੱਡੇ ਕਲੇਸ਼ ਦਾ ਰੂਪ ਧਾਰਨ ਕਰਨ ਲੱਗੀ। ਹਰਨੂਰ ਆਪਣੀ ਮਾਂ ਨੂੰ ਫ਼ੋਨ ਕਰਕੇ ਆਪਣੀ ਨਿੱਕੀ ਨਿੱਕੀ ਗੱਲ ਦੱਸਣ ਲੱਗੀ । ਉਹਨਾਂ ਨੂੰ ਲੱਗਣਾ ਕਿ ਉਹਨਾਂ ਦੀ ਕੁੜੀ ਬਹੁਤ ਦੁਖੀ ਹੈ। ਹਰਨੂਰ ਦੇ ਪੇਕਿਆਂ ਵੱਲੋਂ ਉਸ ਨਾਲ਼ ਹਮਦਰਦੀ ਜਿਤਾਉਂਦੇ ਹੋਏ ਉਸ ਨੂੰ 'ਅਬਲਾ' ਅਤੇ ਵਿਚਾਰੀ ' ਵਰਗੇ ਸ਼ਬਦਾਂ ਰਾਹੀਂ ਉਸ ਨੂੰ ਹੋਰ ਕਮਜ਼ੋਰ ਬਣਾ ਦੇਣਾ ਤੇ ਨਾਲ਼ ਹੀ ਹੱਲਾਸ਼ੇਰੀ ਦੇਣੀ," ਪੁੱਤ..... ਡਰੀਦਾ ਨੀ ਹੁੰਦਾ..... ਤੂੰ ਓਹਦੇ ਬਰਾਬਰ ਕਮਾਈ ਕਰਦੀ ਆਂ.... ਉਹ ਤੈਨੂੰ ਧੌਂਸ ਕਿਹੜੀ ਗੱਲ ਦੀ ਦਿੰਦਾ..... ਕਿਸੇ ਦਿਨ ਸਾਨੂੰ ਈ ਨਿਪਟਣਾ ਪੈਣਾ ਇਹਦੇ ਨਾਲ.....!"

ਇੱਕ ਦਿਨ ਆਮ ਵਾਂਗ ਹੀ ਘਰ ਦੇ ਕੰਮਾਂ ਕਰਕੇ ਅਤੇ ਨੌਕਰੀਆਂ ਤੇ ਜਾਣ ਦੀ ਕਾਹਲੀ ਕਰਦੇ ਹੋਏ ਦੋਵਾਂ ਦੀ ਬਹਿਸ ਹੋ ਗਈ ਤੇ ਦੋਹਾਂ ਵਿੱਚ ਹਲਕੀ ਜਿਹੀ ਹੱਥੋਪਾਈ ਹੋਈ। ਬੱਚੇ ਵੀ ਸਹਿਮ ਗਏ ਸਨ। ਵੈਸੇ ਵੀ ਬੱਚੇ ਆਪਣੇ ਮਾਪਿਆਂ ਦੀ ਨਿੱਤ ਦਿਨ ਦੀ ਲੜਾਈ ਕਾਰਨ ਸਹਿਮੇ ਸਹਿਮੇ ਰਹਿੰਦੇ ਸਨ। ਮਨਜੀਤ ਦੁਖੀ ਮਨ ਨਾਲ ਰਮਨ ਨੂੰ ਰੋਜ਼ ਦੀ ਤਰ੍ਹਾਂ ਸਕੂਲ ਛੱਡ ਕੇ ਆਪਣੀ ਨੌਕਰੀ ਲਈ ਨਿਕਲ਼ ਗਿਆ। ਹਰਨੂਰ ਮੀਤੀ ਨੂੰ ਸਕੂਲ ਛੱਡ ਕੇ ਵਾਪਸ ਆ ਗਈ। ਤਿੰਨ ਕੁ ਵਜੇ ਮੀਤੀ ਦੀ ਮੈਡਮ ਦਾ ਫ਼ੋਨ ਮਨਜੀਤ ਦੇ ਫੋਨ ਤੇ ਆਇਆ ਕਿ ਉਹ ਕਦੋਂ ਦੇ ਹਰਨੂਰ ਮੈਡਮ ਨੂੰ ਫ਼ੋਨ ਲਗਾ ਰਹੇ ਹਨ ਉਹ ਚੁੱਕ ਈ ਨਹੀਂ ਰਹੇ।

ਇਸ ਕਰਕੇ ਤੁਸੀਂ ਆ ਕੇ ਮੀਤੀ ਨੂੰ ਲੈ ਜਾਓ। ਮਨਜੀਤ ਸਕੂਟਰ ਤੇ ਜਾਂਦਾ ਹੋਇਆ ਸੋਚਦਾ ਹੈ ਕਿ ਸ਼ਾਇਦ ਸਵੇਰ ਵਾਲੀ ਨਰਾਜ਼ਗੀ ਕਰਕੇ ਹਰਨੂਰ ਕਿਤੇ ਪੇਕੇ ਚਲੀ ਗਈ ਹੋਵੇਗੀ। ਉਹ ਮੀਤੀ ਨੂੰ ਲੈ ਕੇ, ਜ਼ਲਦੀ ਨਾਲ਼ ਰਮਨ ਨੂੰ ਸਕੂਲੋਂ ਲੈ ਕੇ ਘਰ ਪਹੁੰਚਦਾ ਹੈ ਤਾਂ ਘਰ ਖੁੱਲ੍ਹਾ ਪਿਆ ਸੀ , ਹਰਨੂਰ ਕਿਤੇ ਨਹੀਂ ਸੀ ਪਰ ਉਸ ਦਾ ਫ਼ੋਨ ਵੀ ਘਰੇ ਪਿਆ ਸੀ। ਮਨਜੀਤ ਨੇ ਉਸ ਦੇ ਪੇਕਿਆਂ ਨੂੰ,ਉਸ ਦੀਆਂ ਸਹੇਲੀਆਂ ਨੂੰ, ਆਪਣੇ ਪਿੰਡ ਸਭ ਜਗ੍ਹਾ ਲੱਭਿਆ ਪਰ ਉਹ ਨਹੀਂ ਮਿਲ਼ੀ।

ਓਧਰ ਹਰਨੂਰ ਦੇ ਪੇਕਿਆਂ ਨੇ ਆਪਣੇ ਜਵਾਈ,ਉਸ ਦੇ ਮਾਂ,ਬਾਪ,ਭੈਣ, ਭਰਾ ਅਤੇ ਭਰਜਾਈ ਖ਼ਿਲਾਫ਼ ਕੇਸ ਦਰਜ਼ ਕਰਵਾ ਦਿੱਤਾ ਕਿ ਉਹ ਹਰਨੂਰ ਨੂੰ ਦਾਜ ਲਈ ਤੰਗ ਕਰਦੇ ਸਨ,ਇਸ ਲਈ ਉਹਨਾਂ ਨੇ ਉਸ ਨੂੰ ਕਿਧਰੇ ਮਾਰ ਕੇ ਸੁੱਟ ਦਿੱਤਾ ਹੋਵੇਗਾ। ਪੁਲਿਸ ਉਹਨਾਂ ਦੇ ਸਾਰੇ ਟੱਬਰ ਨੂੰ ਫੜ ਕੇ ਲੈ ਗਈ। ਮਾਸੂਮ ਬੱਚੇ ਘਰ ਵਿੱਚ ਹੀ ਭੁੱਖੇ ਭਾਣੇ ਸਹਿਮੇ ਹੋਏ ਯਤੀਮਾਂ ਵਾਂਗ ਇਕੱਲੇ ਰਹਿ ਗਏ ਸਨ। ਮਕਾਨ ਮਾਲਕਣ ਨੇ ਹਰਨੂਰ ਦੇ ਪੇਕਿਆਂ ਨੂੰ ਬੱਚੇ ਲਿਜਾਣ ਲਈ ਕਿਹਾ ਤਾਂ ਉਸ ਦੀ ਮਾਂ ਨੇ ਆਖਿਆ, "ਅਸੀਂ ਨੀ ਲੈ ਕੇ ਜਾਣੇ... ਇਹ ਕਿਹੜਾ ਓਹਨਾਂ ਦੁਸ਼ਟਾਂ ਨਾਲੋਂ ਘੱਟ ਹੋਣਗੇ ਜਿਹੜੇ ਸਾਡੀ ਧੀ ਨੂੰ ਖਾ ਗਏ.... ਜਿਹੋ ਜਿਹੇ ਉਹ ਸੱਪ ਨੇ ਉਹੋ ਜਿਹੇ ਇਹ ਸਪੋਲੀਏ ਨਿਕਲਣਗੇ.....!"

ਮਕਾਨ ਮਾਲਕਣ ਨੇ ਉਹਨਾਂ ਦੇ ਹੋਰ ਕਈ ਰਿਸ਼ਤੇਦਾਰਾਂ ਨੂੰ ਬੱਚੇ ਲਿਜਾਣ ਲਈ ਕਿਹਾ ਤਾਂ ਕੋਈ ਨਾ ਮੰਨਿਆ। ਹਾਰ ਕੇ ਉਸ ਨੇ ਪੁਲਿਸ ਦੀ ਮਦਦ ਨਾਲ ਬੱਚਿਆਂ ਨੂੰ ਅਨਾਥ ਆਸ਼ਰਮ ਛੱਡ ਦਿੱਤਾ।

ਅਸਲ ਵਿੱਚ ਹਰਨੂਰ ਮੀਤੀ ਨੂੰ ਸਕੂਲ ਛੱਡ ਕੇ ਘਰ ਆ ਕੇ ਪੱਖੇ ਨਾਲ ਫਾਹਾ ਲੈਣ ਲੱਗੀ ਸੀ ਕਿ ਅਚਾਨਕ ਘਰ ਦਾ ਦਰਵਾਜ਼ਾ ਖੁੱਲ੍ਹਾ ਵੇਖ ਕੇ ਮਕਾਨ ਮਾਲਕਣ ਆ ਗਈ ਸੀ ਤੇ ਉਸ ਨੇ ਅਜਿਹਾ ਕਰਦੀ ਨੂੰ ਬਚਾਇਆ ਸੀ ਤੇ ਘਰ ਲਿਜਾ ਕੇ ਉਸ ਨੂੰ ਕਿਹਾ ਸੀ,"ਤੈਨੂੰ.... ਮਰਨ ਦਾ ਬਹੁਤ ਸ਼ੌਕ ਹੈ....? ਲੈ.... ਤੂੰ ਦੋ ਦਿਨ ਲਈ ਮਰਕੇ ਵੇਖ ਲੈ.... ਮਗਰੋਂ ਕੀ ਕੀ ਹੁੰਦਾ !" ਕਹਿ ਕੇ ਉਸ ਨੂੰ ਆਪਣੇ ਘਰ ਦੇ ਇੱਕ ਕਮਰੇ ਵਿੱਚ ਬਿਠਾ ਲਿਆ ਸੀ। ਜਿਵੇਂ ਹੀ ਮਕਾਨ ਮਾਲਕਣ ਵਾਪਸ ਆਈ ਤਾਂ ਹਰਨੂਰ ਬੱਚਿਆਂ ਬਾਰੇ ਪੁੱਛਦੀ ਹੈ ..... ਤਾਂ ਮਾਲਕਣ ਉਸ ਸਭ ਕੁਝ ਬਾਰੇ ਦੱਸਦੀ ਹੈ ਜੋ ਜੋ ਹੋਇਆ ਤਾਂ ਹਰਨੂਰ ਚੀਕਾਂ ਮਾਰਦੀ ਥਾਣੇ ਜਾ ਕੇ ਥਾਣੇਦਾਰ ਨੂੰ ਦੱਸਦੀ ਹੈ,"ਥਾਣੇਦਾਰ ਸਾਹਿਬ.... ਇਹਨਾਂ ਦਾ ਕਿਸੇ ਦਾ ਕੋਈ ਕਸੂਰ ਨਹੀਂ.... ਇਹ ਤਾਂ ਸਾਰੇ ਬਹੁਤ ਚੰਗੇ ਹਨ.... ਇਹਨਾਂ ਦੇ ਸਿਰ ਤੇ ਮੈਂ ਆਪਣੇ ਬੱਚੇ ਪਾਲੇ ਨੇ..... ਉਸ ਦਿਨ ਤਾਂ ਮੇਰੀ ਤੇ ਮਨਜੀਤ ਦੀ ਬਹਿਸ ਹੋ ਗਈ ਸੀ.... ਮੈਨੂੰ ਗੁੱਸੇ ਵਿੱਚ ਪਤਾ ਈ ਨੀ ਲੱਗਿਆ ਕਿ ਮੈਂ ਗ਼ਲਤ ਕਦਮ ਚੁੱਕਣ ਲੱਗੀ ਸੀ.....!"

ਹਰਨੂਰ ਮਾਲਕਣ ਅੱਗੇ ਹੱਥ ਜੋੜ ਕੇ ਆਖਦੀ ਹੈ," ਦੀਦੀ....ਜੇ ਤੁਸੀਂ ਮੈਨੂੰ ਇੱਕ ਦਿਨ ਵਿੱਚ ਦੁਨੀਆਂ ਦਾ ਇਹ ਭਿਆਨਕ ਚਿਹਰਾ ਨਾ ਦਿਖਾਉਂਦੇ ਤਾਂ ਮੇਰੇ ਬੱਚੇ ਸੱਚਮੁੱਚ ਅਨਾਥ ਹੋ ਜਾਣੇ ਸਨ.... ਨਹੀਂ....ਨਹੀਂ....ਮੈਂ ਜ਼ਿੰਦਗੀ ਵਿੱਚ ਕਦੇ ਇਹੋ ਜਿਹੀ ਗ਼ਲਤੀ ਕਰਨ ਬਾਰੇ ਸੋਚ ਵੀ ਨੀ ਸਕਦੀ..... ਤੁਸੀਂ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ ....!"

ਹਰਨੂਰ ਸਾਰਿਆਂ ਤੋਂ ਮਾਫ਼ੀ ਮੰਗਦੀ ਹੈ ਤੇ ਪਰਿਵਾਰ ਨੂੰ ਥਾਣੇ ਵਿੱਚੋਂ ਛੁਡਵਾ ਕੇ ਸਿੱਧਾ ਅਨਾਥ ਆਸ਼ਰਮ ਵਿੱਚੋਂ ਆਪਣੇ ਬੱਚਿਆਂ ਨੂੰ ਲਿਆਉਂਦੀ ਹੈ। ਉਸ ਤੋਂ ਬਾਅਦ ਉਸ ਨੇ ਪਿੰਡ ਪਰਿਵਾਰ ਵਿੱਚ ਰਹਿਣ ਦਾ ਫ਼ੈਸਲਾ ਕੀਤਾ। ਇਹ ਗੱਲ ਹਰਨੂਰ ਮੀਤੀ ਨੂੰ ਅਠਾਰਾਂ ਵਰ੍ਹਿਆਂ ਬਾਅਦ ਸਹੁਰੇ ਘਰ ਤੋਰਨ ਲੱਗੀ ਨੂੰ ਦੱਸਦੀ ਹੈ ਤੇ ਸਮਝਾਉਂਦੀ ਹੈ ਕਿ ਕਦੇ ਵੀ ਗੁੱਸੇ ਵਿੱਚ ਆ ਕੇ ਅਜਿਹਾ ਕਦਮ ਨਾ ਚੁੱਕੋ ਜਿਸ ਨਾਲ ਆਪਣੀ ਤੇ ਦੂਜਿਆਂ ਦੀ ਜ਼ਿੰਦਗੀ ਤਬਾਹ ਹੋ ਜਾਵੇ। ਮੀਤੀ ਮਾਂ ਨੂੰ ਘੁੱਟ ਕੇ ਜੱਫੀ ਪਾਉਂਦੇ ਹੋਏ ਉਸ ਦੀ ਇਸ ਸਿੱਖਿਆ ਨਾਲ ਸਹਿਮਤੀ ਪ੍ਰਗਟਾਉਂਦੀ ਹੈ।



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ
ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ

Kang Petro Group

Little Rock, Arkansas, Missouri, Oklahoma

Gas Station, Truck Stop For Lease



Ravinder Kaur (RAVI)
LIC NO. Sa00097620 REALTOR®
(501) 353-9311
Ravi-kaur.remax.com
ravi.kaur@remax.net

Guri Kang
(501) 353-7816



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ
ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ



Sarabjot Singh Sawaddi





ਕਈ ਵੀਰਾਂ ਦੇ

LICENSE CANCEL

ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ

Green Card ਨਹੀਂ ਹੈ | I-485 Application ਅਜੇ Pending ਹੈ।

Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ
ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ
ਲਈ Legal Guidance



Deportation ਜਾਂ Immigration
Detention Cases ਵਿੱਚ Legal Advice



Appeals ਅਤੇ Immigration
Process ਵਿੱਚ ਸਹਾਇਤਾ



Estate Planning ਰਾਹੀਂ Property
ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ
Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and
Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner

ਧੂੰਏਂ ਦਾ ਪਹਾੜ

ਵਾਤਾਵਰਨ ਪ੍ਰਦੂਸ਼ਿਤ ਕਰਦੀ,
ਰਹਿੰਦ ਖੂਹੰਦ ਮਚਾਓ ਨਾ।
ਇਸ ਤੋਂ ਤੁਸੀਂ ਪਰਹੇਜ ਕਰੋ,
ਰੋਗਾਂ ਤਾਈ ਬੁਲਾਓ ਨਾ।

ਧਰਤੀ ਦੀ ਪੱਤ ਸੜ ਜਾਂਦੀ,
ਉਪਜਾਊ ਸ਼ਕਤੀ ਘੱਟਦੀ ਹੈ।
ਤਾਪਮਾਨ ਜਦ ਵੱਧ ਜਾਂਦਾ ਹੈ,
ਓਜੋਨ ਪਰਤ ਵੀ ਫੱਟਦੀ ਹੈ।

ਗਲੇਸ਼ੀਅਰ ਜੇ ਖੁਰਦੇ ਨੇ,
ਇਹ ਵੀ ਕਾਰਨ ਇਸਦਾ ਹੈ।
ਕਿੰਨਾਂ ਨੁਕਸਾਨ ਹੋ ਰਿਹਾ ਹੈ,
ਉਹ ਵੀ ਸਾਨੂੰ ਦਿਸਦਾ ਹੈ।

ਰਾਹੀ, ਪਾਧੀਂ, ਤੇ ਪਸ਼ੂ, ਪੰਛੀ,
ਇਹ ਮਾਸੂਮ ਵੀ ਸੜ ਜਾਂਦੇ ਨੇ।

ਬੇਦੋਸ਼ਾਂ ਦਾ ਦੋਸ਼ ਕੋਈ ਨਾ,
ਵਾਂਗ ਦਾਣਿਆ ਰੜ ਜਾਂਦੇ ਨੇ।

ਅੱਜ ਮਸ਼ੀਨਰੀ ਮਾਹਿਰਾਂ ਨੇ,
ਤਕਨੀਕ ਨਵੀਂ ਲੜਾਈ ਹੈ।
ਜੋ ਪਰਾਲੀ ਖੇਤਾਂ ਦੀ, ਉਹ,
ਮਿੱਟੀ ਵਿੱਚ ਮਿਲਾਈ ਹੈ।

ਪਰਾਲੀ ਦੀ ਵਰਤੋਂ ਜੇ ਕਰੀਏ,
ਕਿੰਨੇ ਕੰਮ ਸਵਾਰ ਦਿੰਦੀ।
ਨਾ ਲਾਈਏ ਅੱਗ ਪਰਾਲੀ ਨੂੰ,
ਮੁਆਵਜਾ ਤਾਂ ਸਰਕਾਰ ਦਿੰਦੀ।

ਇਸ 'ਤੇ ਤੁਸੀਂ ਗੌਰ ਕਰੋ,
ਪਵੇ ਫੇਰ ਪਛਤਾਉਣਾ ਨਾ।
ਪੰਜਾਬ ਪਹਾੜ ਧੂਏਂ ਦਾ 'ਪੱਤੋ,'
ਆਪਾਂ ਇਹ ਬਣਾਉਣਾ ਨਾ।



SANJHI SOCH
ਹਰਪ੍ਰੀਤ ਪੱਤੋ
ਪਿੰਡ ਪੱਤੋ ਹੀਰਾ ਸਿੰਘ
ਮੋਗਾ
94658-21417

ਅਕਲ ਦਾ ਦੀਵਾ ਬਾਲ਼ ਕੇ ਰੱਖੋ...

ਨ੍ਹੇਰੇ ਦੇ ਵਿਚ ਗੁੰਮ ਨਾ ਜਾਣਾ,
ਅਕਲ ਦਾ ਦੀਵਾ ਬਾਲ਼ ਕੇ ਰੱਖੋ।

ਦੁਨੀਆ ਅਕਸ ਭੁਲਾ ਦੇਂਦੀ ਏ,
ਆਪਣਾ ਆਪ ਸੰਭਾਲ ਕੇ ਰੱਖੋ।

ਕੱਟੜ ਵੈਰੀ ਸਾਹਵੇਂ ਆਵਣ,
ਜੁੱਰਤ ਸੀਨੇ ਪਾਲ਼ ਕੇ ਰੱਖੋ।

ਰੱਬ ਦੇ ਵੱਲ ਨੂੰ ਸੁਰਤ ਟਕਾਓ,
ਫ਼ਿਕਰਾਂ ਸੱਭੇ ਟਾਲ਼ ਕੇ ਰੱਖੋ।

ਨਵੇਂ ਲਿਸ਼ਕਦੇ ਨੋਟਾਂ ਵਾਂਗਰ,
ਖ਼ਿਆਲਾਤ ਸੰਭਾਲ਼ ਕੇ ਰੱਖੋ।

ਕਿਰਤੀ ਬੰਦਿਓ ਹੱਥਾਂ ਨੂੰ ਨਾ,
ਜੇਬਾਂ ਦੇ ਵਿਚ ਪਾਲ਼ ਕੇ ਰੱਖੋ।

ਜਿੱਤ ਦਾ ਐਸਾ ਜਸ਼ਨ ਮਨਾਓ,
ਹਾਰ ਦਾ ਸੀਨਾ ਸਿਆਲ਼ ਕੇ ਰੱਖੋ।

ਛੱਤਾਂ ਬੇਸ਼ਕ ਉੱਚੀਆਂ ਕਰਲੋ,
ਨੀਹਾਂ ਨੂੰ ਵੀ ਨਾਲ ਕੇ ਰੱਖੋ।

ਰੰਗ ਬਰੰਗੀ ਫੁੱਲਾਂ ਵਰਗੀ,
ਜ਼ਿੰਦਗੀ ਨੂੰ ਨਾ ਕਾਲ਼ ਕੇ ਰੱਖੋ।

ਦੁੱਖ ਬਹੁਤ ਨੇ ਜ਼ਿੰਦਗੀ ਅੰਦਰ,
ਖੁਸ਼ੀਆਂ ਕਿਧਰੋਂ ਭਾਲ਼ ਕੇ ਰੱਖੋ।

ਖਤ ਮਹਮੂਬ ਦੇ ਫੁੱਲਾਂ ਵਰਗੇ,
ਸਾਂਭੋ ਨਾ, ਸੰਭਾਲ਼ ਕੇ ਰੱਖੋ।



SANJHI SOCH
ਲਕਸ਼ ਭਾਟੀਆ
ਦੁਰਗਾਪੁਰ (ਨਵਾਂਸ਼ਹਿਰ)
7347621706

LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਗੁਰੂ ਤੇਗ ਬਰਫ਼ ਸਿਟੀ ਵਿਖੇ 47ਵਾਂ ਸਾਲਾਨਾ
ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ
ਸਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ।

ਗੁਰੂ ਕਾ ਲੰਗਰ

ਸ਼ੇਰੇ ਪੰਜਾਬ ਗਰੁੱਪ ਕੈਲੀਫੋਰਨੀਆ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ



JASPREET SINGH
ATTORNEY AT LAW USA

SACRAMENTO, CA
5855 AUBURN BLVD,
SACRAMENTO, CA 95841
+1-917-915-4142

FRESNO, CA
1625 E SHAW AVE #122,
FRESNO, CA 93711
+1-559-271-5511

FREMONT, CA
3155 KEARNEY ST, SUITE
#248, FREMONT, CA 94538
+1-510-657-6444

NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699

NEW YORK, NY
108-14 JAMAICA AVENUE,
RICHMOND HILL, NY 11418
+1-718-533-8444

LOS ANGELES, CA
1013 N BEGONIA AVE,
ONTARIO, CA 91762
+1-917-915-4142

JASPREET SINGH ATTORNEY AT LAW USA SPECIALIZES IN
IMMIGRATION LAW MATTERS, POLITICAL ASYLUM, DEPORTATION DEFENSE,
GREEN CARDS, MARRIAGE, CITIZENSHIP, P3 AND E-2 VISAS LAW OFFICES IN NY,
NJ AND CALIFORNIA

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।


ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ
ਸਹਿਯੋਗ ਨਾਲ ਹੋਣ ਜਾ ਰਿਹਾ ਹੈ।


ਲੱਖ-ਲੱਖ ਵਧਾਈਆਂ





Paramjit Singh Dakha

Ph: (510) 774-5909













RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur

Realtor ® CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ
ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ

Pardeep Sharma (Real Estate Agent) ਵੱਲੋਂ

ਸਮੂਹ ਸਾਧ ਸੰਗਤ ਨੂੰ ਹੁੰਮ-ਹੁਮਾ ਕੇ ਪਹੁੰਚਣ ਅਤੇ ਇਤਿਹਾਸਕ
ਨਗਰ ਕੀਰਤਨ 'ਚ ਸ਼ਾਮਿਲ ਹੋ ਕੇ ਜੀਵਨ ਸਫ਼ਲਾ ਕਰਨ ਲਈ
ਨਿੱਘਾ ਸੱਦਾ ਪੱਤਰ ਦਿੱਤਾ ਜਾਂਦਾ ਹੈ



BAY REALTY CALIFORNIA

FIND YOUR DREAM HOME

(510) 325-8433 | www.BayRealtyCA.com

2551 San Ramon Valley Drive Suite 107A, San Ramon, CA

PAUL SHARMA
REAL ESTATE AGENT

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ



ਜਾਰੀ ਕਰਤਾ: **ਸਿੱਖ ਸੰਗਤ ਬੇ ਏਰੀਆ**

ਪਬਲਿਕ ਹਿਤ ਵਿੱਚ ਸੂਚਨਾ

ਮੈਂ **ਗੁਰਦੀਪ ਸਿੰਘ ਸੰਧੂ** ਜਿਵੇਂ ਕਿ ਤੁਸੀਂ ਜਾਣਦੇ ਹੋ 1973 ਤੋਂ ਹੋਮਿਓਪੈਥਿਕ/ਆਯੁਰਵੈਦਿਕ ਦੀ ਪ੍ਰੈਕਟਿਸ ਕਰ ਰਿਹਾ ਹਾਂ ਇਸ ਪੰਜ ਦਹਾਕਿਆਂ ਤੋਂ ਵੱਧ ਦੇ ਸਮੇਂ ਵਿਚ ਮੈਡੀਕਲ ਕਾਲਜਾਂ ਵਿਚ ਪ੍ਰੋ. ਪ੍ਰਿੰਸੀਪਲ ਤੇ ਚੀਫ਼ ਮੈਡੀਕਲ ਅਫਸਰ ਦੇ ਤੌਰ ਤੇ ਸੇਵਾਵਾਂ ਦਿੰਦਾ ਰਿਹਾ ਹਾਂ। 1996 ਤੋ ਅਮਰੀਕਾ ਵਿਚ ਵੱਖ-ਵੱਖ ਰੇਡੀਓ, ਟੀ.ਵੀ ਸਟੇਸ਼ਨਾਂ, ਯੂਟਿਊਬ, ਫੇਸਬੁਕ ਤੇ ਵੱਖ-ਵੱਖ ਮੀਡੀਆ ਚੈਨਲਾਂ ਰਾਹੀਂ ਪਬਲਿਕ ਨੂੰ ਜੀਵਨ ਤੋਂ ਜੀਵਨ ਦੀ ਉਤਪਤੀ ਸਰੀਰਕ ਬਣਤਰ, ਵਿਸਥਾਰ, ਸਿਹਤ, ਬਿਮਾਰੀ ਅਤੇ ਇਲਾਜਾਂ ਪ੍ਰਤੀ ਜਾਗਰੂਕ ਕਰਦਾ ਆ ਰਿਹਾਂ। ਅੱਜ ਦੇ ਵਕਤ ਅਮੈਰਿਕਨ ਇਕੌਨਮੀ ਦੀ ਮਾੜੀ ਹਾਲਤ ਹੋਣ ਕਰਕੇ ਐਲਾਨ ਕਰਦਾ ਹਾਂ ਕਿ ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜਦ ਥੱਕ ਗਏ ਹੋ ਕੋਈ ਹਲ ਨਹੀਂ ਦਿਸ ਰਿਹਾ ਤਾਂ ਇਕ ਮੌਕਾ ਹੋਮਿਓਪੈਥਿਕ ਦੇ ਸਿਧਾਂਤਕ ਇਲਾਜ ਲਈ ਮੈਨੂੰ ਦਿਓ ਇਸ ਲਈ ਕਾਲ ਕਰੋ: **408 687 1899**

ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ਼ ਲੈਕਚਰ ਸੁਣਨ ਲਈ ਮੇਰਾ ਫੇਸਬੁਕ ਅਤੇ ਯੂਟਿਊਬ ਚੈਨਲ https://youtube/duhk3caceu, sabrang station.com(radio station) ਰੋਜ਼ਾਨਾ ਕੈਲੇਫੋਰਨੀਆ ਟਾਈਮ ਸ਼ਾਮ ਨੂੰ 5 ਤੋ 6 ਵਜੇ ਤਕ ਸੁਣੋ।

Working under sb577 act of California



ਡਰਾਈਵਰ ਵੀ ਜਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ
Traki ਨਾਲ.

ਕਾਗਜ਼ ਸੰਭਾਲੋ
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

ਇਨਵੌਇਸ ਬਣਾਓ
AI ਮਦਦ ਨਾਲ ਆਟੋ ਫਿਲ ਅਤੇ ਪੋਸ਼ੇਵਰ ਇਨਵੌਇਸ ਤਿਆਰ.

ਕਮਾਈ ਵਧਾਓ
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

ਅੱਜ ਹੀ ਸ਼ੁਰੂ ਕਰੋ!

3 ਦਿਨ ਦਾ ਮੁਫ਼ਤ TRIAL ਮਿਲੇਗਾ!

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

ਟਾਈਮ ਬਚਾਓ
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

ਗਲਤੀ ਘੱਟ
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

ਆਫਲਾਈਨ ਕੰਮ
ਇੰਟਰਨੈੱਟ ਬਿਜ਼ਾਂ ਵੀ ਸਭ ਕੁਝ ਚੱਲਦਾ.

ਸਭ ਕੁਝ ਇੱਕ ਜਗ੍ਹਾ
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

TRAKI
ਡਰਾਈਵਰ ਦਾ ਅਸਲੀ ਯਾਰ.

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ
ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ

Raja Chandi Group



RAJA CHANDI GROUP

Arrested ?
DUI ?
Drug Charges ?
Gun Violation ?

Ghuman Law Group

Get the Legal Defence you Deserve.



Why Choose Us?

- ✓ Trusted Legal Experts
- ✓ Personalized Strategies
- ✓ Proven Track Record

Criminal Defence Law

- DUI / DWI Defense
- Drug Charges
- Domestic Violence Defense
- Assault & Battery Defense
- Theft / Fraud / Financial Crimes
- Probation Violations

Contact Us

info@ghumanlawgroup.com
ghumanlawgroup.org
+1 228-200-0001

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ



HARSIMRAN SINGH HUNDAL

Gillson
TRUCKING INC

OUR DRIVERS ARE FULLY TRAINED TO PERFORM THEIR JOB TO THE FINEST. OPERATING ALL LATE MODEL TRUCK AND REFRIGERATED TRAILERS.

(925) 400-9094 teamgillson.com
dispatch@gillsontrucking.net

1801 E Dr. Martin Luther King Jr. Blvd, Stockton, CA, United States, California



BIKRAMJEET SINGH

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ
ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ
ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ

Gadar Memorial Foundation Of USA




Gulinder Gill


Balwinder Dulku


Gurdeep Gill


Sukhwinder Singh Bhangu


Kuljit Singh Sidhu


Bakhsis Singh Gill


Jasmeet Hundal


Janak Ram Sidhra


Rupinder Mahreen


Gurinder Singh Ghuman


Buta Singh Sidhu


Charan Singh Judge, Advisor

TAKE CONTROL OF YOUR HEALTH!

PRIVATE, AFFORDABLE, & CONVENIENT

8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

NO INSURANCE? NO PROBLEM!

WALK-INS WELCOME



ANYLABTEST NOW

ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ




ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ



GURMEET SINGH DHALIWAL

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
